INTERNATIONAL RAMGARHIA



Volume 1 Number 6

November/December 1993





Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

In order to continue conserving, digitising and publishing our numerous literature online, we are asking for your support and involvement.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

Digitising our treasures is an ambitious undertaking. Every page, every object, must be photographed individually and with great care. The whole photographic process including lighting, colour temperature, and environmental controls must all be precisely regulated. Post processing is also done with meticulous care including orientation, de-skewing, sizing and finally quality control to ensure the documents reflect the true state of the originals.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information about the process or your contribution - please contact

Email: NamdhariElibrary@gmail.com

kirpal singh chana

Preparations for 2nd International Ramgarhia Convention at New Delhi-India

A Report on the 2nd visit of S Amarjeet Singh Bhamra by Ravinder Singh Sohil Ludhiana



N Delhi:(L to R) His Excellency Giani Zail Singh and S Amarjeet Singh Bhamra



Chandigarh: (L to R) S Iqbal Singh Renota, S Harbhajan Singh Virdi and S Amarjeet Singh-Bhamra.



Phagwara: (L to R) S Ravinder Singh Sohil, S Ishar Singh Prashar, Mr & Mrs Jatinder Singh Kundi and Amarjeet Singh Bhamra.



Chandigarh: (L to R) S Harbans Singh Virdi, Sh Mata Ram Dhiman and S Amarjeet Singh-Bhamra.



New Delhi: (LtoR) S Resham Singh Matharu (President Sikh Citizen Council Delhi) S Ujgar Singh Dhanjal (President Ramgarhia Co-Operative Bank Delhi) S Rattan Singh Sehra (Founder Member Ramgarhia Co-Operative Bank Delhi) S Kirpal Singh Sangatpuri (President Delhi Gurdwara Prabindak Committee Delhi) S Amarjeet Singh Bhamra Convener 2nd Int'l Ramgarhia Convention Steering Committee S Gurbachan Singh (Gen Sec Sikh Citizen Council Delhi) S Harbans Singh Sangatpuri (President Bhai Lalo Foundation Delhi) & S Sulakhan Singh Soor Ex-Member Delhi Metro.

INTERNATIONAL RAMGARHIA NEWS

Volume 1 Magar/Poh
Number 6 November/December 1993

International Ramgarhia News is published bi-monthly to-provide a forum for the expression of views and news of interest to those seeking to improve and maintain trans-continental link within the wider Vishwkarma-Ramgarhia community.

Articles and letters from the readers for publication in the International Ramgarhia News are welcomed, either in Punjabi or English. However the Editor reserves the rights for their publication and to withhold or edit any communication for publication in the News. The opinions expressed by the Contributors in the International Ramgarhia News are not necessarily those of the Publisher. The Publisher cannot accept unsolicited material or photographs and reserves the right on all articles printed.

The contents and advertisements in this news-magazine are compiled and published in good faith and we accept no liability for any claim arising from them whether the loss is direct or indirect. Printed in United Kingdom

Vishwkarma is a composite sanskrit word denoting VISHW (Universe) and KARMA (Dimensional Creator). Vishwkarma are professional class of Master Craftsmen/women or Technocrats. A Ramgarhia is a Sikh Vishwkarma. Both (Hindu and Sikh) belonging to the same ancestral stock and having their remote origin on the Indian sub-continent.

Published by Amarjeet Singh Bhamra Convenor
2nd International Ramgachia Convention Steering Committee
PO Box 1551 Windsor SL4 1TZ UK

Cover Photo:

HIS HOLYNESS
SRI SATGURU JAGJEET-SINGH JI MAHARAJ

"Satguru Partap Singh Maharaj lived up to 1959 and was succeeded by Satguru Jagjit Singh, who has stressed far more simplification and more cost effective Sikh marriage ceremony.

He has made Namdhari Sikhs strict to follow their tenets in and outside India, that in their hundreds of thousands they have become teetotalers and vegetarians. Many of them work in public and private industry dressed in complete Sikh dress.

His contribution to the people of rural areas is note worthy. He has made lengthy roads without the the aid of the state exchequer. Indian Classical music is His hobby. He Himself plays on Dilruba and has trained at His expense many youngsters at different centers, who have become renowned artists."

Maharaj Bir Singh.



EDITORIAL *This issue of the International Ramgarhia News completes its first year of bi-monthly publications. Since its launch after the 1st successful International Ramgarhia Convention, the Newsmagazine has been welcomed in all quarters except certain ignoramus self styled leaders filled with animosity. Our humble effort to serve our community through this Newsmagazine has been a challenging task but one with a rewarding experience. At a time when there in no regular dedicated Ramgarhia tabloid, our priority is now to widen our readership base and possibly increase its frequency. It is therefore imperative that your financial support is part of the equation for the success and the long term stability of this Newsmagazine.*

The basis of its contents are thorough, comprehensive and authoritarian work of dedicated Ramgarhia scholars, writers, historians, journalists and outstanding community workers. It is therefore important that the Newmegazine is shared amongst all family members and friends. This is the only Ramgarhia tabloid that caters for the Punjabi and English readership simultaneously.

Secular Ramgarhiaism is our hallmark as I believe that this is the key to our goals. With such a broad based Vishwkarma-Ramgarhia community around the world, the thrust of political activity simmering with the multitude of action and lobbying taking place around the next International Ramgarhia Convention, it seems that we are potentially circumnavigating the political manifastation of our past history. This Newsmagazine has and is convincingly resurrecting that stature.

November 14th is the parkash of Sri Satguru Jagjeet Singhji Maharaj and time of joy and happiness for all the world especially the Ramgarhia community. Let us all rejoice and pray that through His blessings we live to serve our Creator. This final issue in volume one series is dedicated to Sri Satguru Jagjeet Singhji Maharaj.

AMARJEET-SINGH BHAMRA Editor-in-Chief

ਸਮਾਜ ਵਿਚ ਰਾਮਗੜ੍ਹੀਆ ਔਰਤ ਦਾ ਸਥਾਨ : ਸਮੱਸਿਆਵਾਂ ਅਤੇ ਹੱਲ

ਅਨੂਪ ਕੌਰ ਬਾਂਸਲ

ਸਤਿਕਾਰ ਯੋਗ ਪ੍ਰਧਾਨ ਜੀ ਅਤੇ ਅੱਜ ਦੇ ਇਜਲਾਸ ਵਿਚ ਸ਼ਾਮਲ ਵਿਦਵਾਨ ਸ੍ਰੋਤਾਗਣ, ਪਹਿਲੀ ਅੰਤਰ-ਰਾਸ਼ਟਰੀ ਰਾਮਗੜ੍ਹੀਆ ਕਨਵੈਨਸ਼ਨ ਦੇ ਦੂਸਰੇ ਦਿਨ ਦੇ ਪਹਿਲੇ ਇਜਲਾਸ ਦੀ ਪਹਿਲੀ ਵਕਤਾ ਹੋਣ ਦੇ ਨਾਤੇ ਮੈਂ ਆਪ ਸਭ ਨੂੰ ਹਾਰਦਿਕ ਜੀਉ ਆਇਆਂ ਆਖਦੀ ਹਾਂ ਅਤੇ ਮੈਂ ਆਪਣੀ ਸੰਸਥਾ, ਗੁਰੂ ਨਾਨਕ ਖਾਲਸਾ ਕਾਲਜ ਫਾਰ ਵਿਮੈਨ (ਗੁਜਰਖਾਨ ਕੈਂਪਸ), ਮਾਡਲ ਟਾਊਨ ਲੁਧਿਆਣਾ ਦੀ ਪ੍ਰਬੰਧਕ ਕਮੇਟੀ ਵਲੋਂ ਇਸ ਕਨਵੈਨਸ਼ਨ ਦੀ ਸਫ਼ਲਤਾ ਲਈ ਸ਼ੁਭ ਇੱਛਾਵਾਂ ਪੇਸ਼ ਕਰਦੀ ਹਾਂ। ਮੈਂ ਇਸ ਕਨਵੈਨਸ਼ਨ ਦੇ ਪ੍ਰਬੰਧਕਾਂ ਦੀ ਵੀ ਰਿਣੀ ਹਾਂ, ਜਿਨ੍ਹਾਂ ਨੇ ਮੈਨੂੰ ਮੌਕਾ ਪ੍ਰਦਾਨ ਕੀਤਾ, ਕਿ ਮੈਂ ਆਪ ਵਰਗਿਆਂ ਪ੍ਰਮੁੱਖ ਸ਼ਖਸੀਅਤਾਂ ਦੇ ਦਰਸ਼ਨ ਕਰ ਸਕਾਂ।

ਮੇਰਾ ਪਰਚਾ ਹੈ-ਇਕ ਔਰਤ ਦੇ ਦ੍ਰਿਸ਼ਟੀਕੋਣ ਤੋਂ-ਤੇ ਮੈਂ ਆਪਣੇ ਦ੍ਰਿਸ਼ਟੀਕੋਣ ਤੋਂ ਰਾਮਗੜ੍ਹੀਆਂ ਇਸਤ੍ਰੀ ਬਾਰੇ ਅਤੇ ਮਾਂ-ਬੋਲੀ ਪੰਜਾਬੀ ਦੀ ਮਹੱਤਤਾ ਕੁਝ ਵਿਚਾਰ ਆਪ ਨਾਲ ਸਾਂਝੇ ਕਰਾਂਗੀ।

ਇਕ ਮਹਾਨ ਵਿਦਵਾਨ ਤੇ ਫਿਲਾਸਫਰ ਨੇ ਸਮਾਜ ਵਿਚ ਔਰਤ ਦੇ ਅਹਿਮ ਸਥਾਨ ਦੀ ਮਹੱਤਤਾ ਨੂੰ ਦਰਸਾਉਂਦਿਆਂ ਲਿਖਿਆ ਹੈ, ਕਿ ਅਸੀਂ ਪ੍ਰਮਾਤਮਾ ਤੋਂ ਬਾਦ ਔਰਤ ਦੇ ਦੇਣਦਾਰ ਤੇ ਰਿਣੀ ਹਾਂ, ਪਹਿਲਾਂ ਸਾਨੂੰ ਜੀਵਨ ਦੇਣ ਲਈ ਅਤੇ ਫਿਰ ਇਸਨੂੰ ਜਿਊਣ-ਯੋਗ ਬਣਾਉਣ ਲਈ। ਨਿਰਸੰਦੇਹ ਸਮਾਜ ਦਾ ਭਵਿੱਖ ਇਕ ਮਾਂ, ਭੈਣ ਅਤੇ ਜੀਵਨ ਸਾਥੀ ਦੇ ਰੂਪ ਵਿੱਚ ਇਸਤਰੀ ਦੇ ਸਥਾਨ ਉੱਤੇ ਆਧਾਰਿਤ ਹੁੰਦਾ ਹੈ। ਇਸਤਰੀ ਹੀ ਕਿਸੇ ਦੇਸ਼ ਦੀ ਕਿਸਮਤ ਨੂੰ ਬਣਾਉਂਦੀ ਅਤੇ ਉਸਾਰਦੀ ਹੈ।

ਪ੍ਰਾਚੀਨ ਸਮਾਂ ਅਤੇ ਸਾਧਾਰਨ ਔਰਤ

ਸਮਾਜ ਵਿੱਚ ਔਰਤ ਨੂੰ ਯੋਗ ਸਥਾਨ ਦਿਵਾਉਣ ਦੀ ਦਾਸਤਾਨ ਬੜੀ ਲੰਮੀ ਹੈ। ਆਮ ਵਿਚਾਰ ਹੈ, ਕਿ ਵੈਦਿਕ ਕਾਲ ਵਿੱਚ ਇਸਤਰੀ ਨੂੰ ਕਾਫ਼ੀ ਖੁੱਲ੍ਹ ਸੀ ਅਤੇ ਉਹ ਸਮਾਜਕ ਤੇ ਧਾਰਮਿਕ ਰਸਮਾਂ ਵਿੱਚ ਮਰਦ ਦੇ ਬਰਾਬਰ ਹਿੱਸਾ ਲੈਂਦੀ ਸੀ ਅਤੇ ਕੋਈ ਵੀ ਯੱਗ ਜਾਂ ਹਵਨ ਇਸ ਤੋਂ ਬਿਨਾਂ ਪੂਰਨ ਨਹੀਂ ਸੀ ਸਮਝਿਆ ਜਾਂਦਾ। ਪਰੰਤੂ ਇਸ ਵਿਚਾਰਧਾਰਾ ਬਾਰੇ ਸ਼ੰਕੇ ਪੈਦਾ ਹੋ ਜਾਂਦੇ ਹਨ, ਜਦੋਂ ਇਤਿਹਾਸ ਦੱਸਦਾ ਹੈ, ਕਿ ਔਰਤ ਨੂੰ ਪਤੀ-ਪਰਮੇਸ਼ਵਰ ਦੀ ਬਲਦੀ ਚਿਖਾ ਵਿਚ ਜਿਊਂਦੀ ਸੜ ਜਾਣ ਲਈ ਮਜ਼ਬੂਰ ਕੀਤਾ ਜਾਂਦਾ ਸੀ ਅਤੇ ਇਸ ਪਾਪ ਨੂੰ "ਸਤੀ" ਹੋਣ ਦੀ ਪਵਿੱਤਰ ਰਸਮ ਦਾ ਨਾਂ ਦਿੱਤਾ ਜਾਂਦਾ ਸੀ। ਇਸ ਤੋਂ ਇਲਾਵਾ ਲੜਕੀਆਂ ਨੂੰ ਜੰਮਦਿਆਂ ਹੀ ਮਾਰ ਦਿੱਤਾ ਜਾਂਦਾ ਸੀ। ਇਸਤਰੀ ਜਾਤੀ ਦੀ ਹਾਲਤ ਦਿਨੋਂ ਦਿਨ ਨਿੱਘਰਦੀ ਗਈ ਅਤੇ ਉਹ ਤੰਗ ਦ੍ਰਿਸ਼ਟੀਕੋਣ ਵਾਲੇ ਸੰਯੁਕਤ-ਪ੍ਰਵਾਰ ਅਤੇ ਜਾਤੀਆਂ ਦੇ ਭਿੰਨ ਭੇਦਾਂ ਨਾਲ ਦਬੇ ਹੋਏ ਸਮਾਜ ਵਿੱਚ ਇਕ ਗੁਲਾਮ ਬਣ ਕੇ ਰਹਿ ਗਈ ਜਿਸਦਾ ਪ੍ਰਤੱਖ ਪ੍ਰਮਾਣ ਤੁਲਸੀ ਦਾਸ ਦੁਆਰਾ ਰਚਿਤ ਰਾਮਾਇਣ ਵਿਚੋਂ ਮਿਲਦਾ ਹੈ:

ਸ੍ਰੀ ਮਤੀ ਅਨੂਪ ਕੌਰ ਬਾਂਸਲ (ਐਮ.ਏ. ਅੰਗਰੇਜ਼ੀ, ਐਮ.ਏ.ਪੰਜਾਬੀ, ਬੀ.ਐਡ.) ਪ੍ਰਿੰਸੀਪਲ, ਗੁਰੂ ਨਾਨਕ ਖਾਲਸਾ ਕਾਲਜ ਫ਼ਾਰ ਵਿਮੈਨ, ਗੁਜਰਖਾਨ ਕੈਂਪਸ, ਮਾਡਲ ਟਾਊਨ ਲੁਧਿਆਣਾ-141002 (ਇੰਡੀਆ) ਇਹ ਪਰਚਾ ਇੰਗਲੈਂਡ ਵਿਚ ਮੈਰਿਅਟ ਹੋਟਲ, ਹੀਥਰੋ ਸਲੋਅ ਵਿਖੇ ਜਨਵਰੀ 2-3, 1993 ਨੂੰ ਹੋਈ ਇੰਟਰਨੈਸ਼ਨਲ ਰਾਮਗੜ੍ਹੀਆ ਕਨਵੈਨਸ਼ਨ ਵਿਚ ਪੇਸ਼ ਕੀਤਾ ਗਿਆ।

Social Status of Ramgarhia Women : Problems and Solutions

Mrs Anup Kaur Bansal

A great thinker and philosopher eulogises woman when he writes "Next to God we are indebted to women, first for life itself, and then for making it worth having." The future of society is in the hands of women as mothers, sisters and life partners and if the world was lost through woman she alone can save it.

STATUS OF AN AVERAGE WOMAN IN THE PAST

The story of the struggle to improve the status of women is long one and the fate of Ramgarhia women is in no way different from the women of other communities/ countries. It is a general notion that in Vedic times Indian women enjoyed considerable freedom in various social ceremonies and were respectable figures in the family. Personally speaking, I have my doubts about this because we all are aware that a widow was burnt alive alongwith

---

*Anup Kaur Bansal * (Mrs. A.K. Bansal, M.A. (English), M.A. (Punjabi), B.Ed. Principal, Guru Nanak Khalsa College for Women (Gujarkhan Campus), Model town, Ludhiana-141002 (India). The paper presented at the International Ramgarhia Convention held at Marriott Hotel, Heathrow/ Slough, England on Jan. 2-3, 1993.*

ਢੋਲ ਗੰਵਾਰ ਸੂਦਰ ਪਸ਼ੂ ਅਰੁ ਨਾਰੀ।
ਯੇ ਸਭ ਤਾੜਨ ਕੇ ਅਧਿਕਾਰੀ।
ਇਸੇ ਤਰ੍ਹਾਂ ਵਾਰਸ ਸ਼ਾਹ ਵਰਗੇ ਕਵੀਆਂ ਨੇ ਲਿਖਿਆ:
ਵਾਰਸ ਰੰਨ ਫਕੀਰ ਤਲਵਾਰ ਘੋੜਾ
ਚਾਰੇ ਥੋਕ ਇਹ ਕਿਸੇ ਦੇ ਯਾਰ ਨਾਹੀਂ।

ਇੱਥੇ ਹੀ ਬਸ ਨਹੀਂ, ਔਰਤ ਦੇ ਨਿਰਛਲ ਪਿਆਰ ਤੇ ਸ਼ੰਕੇ ਉਠਾਏ ਜਾਣ ਲੱਗੇ ਅਤੇ ਉਸਨੂੰ ਅਕਲੋਂ ਖਾਲੀ ਸਮਝਿਆ ਗਿਆ:

ਭੱਠ ਰੰਨਾਂ ਦੀ ਦੋਸਤੀ, ਖੁਰੀ ਜਿਨ੍ਹਾਂ ਦੀ ਮੱਤ।

ਔਰਤ ਨੂੰ ਕਮਜ਼ੋਰ, ਬੁਜ਼ਦਿਲ ਅਤੇ ਮਰਦ ਦੇ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਅਜਿਹੀ ਹਾਲਤ ਨੂੰ ਵੇਖ ਕੇ ਹੀ ਗੁਰੂ ਨਾਨਕ ਦੇਵ ਜੀ ਵਰਗੇ ਮਹਾਂ - ਪੁਰਖਾਂ ਨੇ ਔਰਤ ਦਾ ਪੱਖ ਪੂਰਦਿਆਂ ਆਖਿਆ:

ਭੰਡੁ ਮੁਆ ਭੰਡੁ ਭਾਲੀਐ, ਭੰਡਿ ਹੋਵੈ ਬੰਧਾਨੁ।।
ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ।।

ਗੁਰੂ ਨਾਨਕ ਦੇਵ ਜੀ ਦੇ ਇਨ੍ਹਾਂ ਸ਼ਬਦਾਂ ਦਾ ਮੁੱਲ ਅੰਗਰੇਜ਼ੀ ਰਾਜ ਵਿੱਚ ਪੈਣਾ ਸ਼ੁਰੂ ਹੋਇਆ। ਪੱਛਮੀ ਸਭਿਅਤਾ ਦੇ ਗਿਆਨ ਨੇ ਅਸਿੱਧੇ ਤੌਰ ਤੇ ਸਮਾਜਿਕ ਵਾਤਾਵਰਣ ਵਿਚ ਕੁਝ ਤਬਦੀਲੀਆਂ ਲਿਆਂਦੀਆਂ ਜਿਸ ਅਧੀਨ ਹਿੰਦੁਸਤਾਨੀ ਸਮਾਜ ਸੁਧਾਰਕ ਔਰਤ ਨੂੰ ਸਹੀ ਰੁਤਬਾ ਦਿਵਾਉਣ ਵਿਚ ਕਾਫ਼ੀ ਹੱਦ ਤਕ ਸਫ਼ਲਤਾ ਪ੍ਰਾਪਤ ਕਰ ਸਕੇ। ਔਰਤਾਂ ਭਾਰਤ ਦੀ ਆਜ਼ਾਦੀ ਦੇ ਘੋਲ ਵਿੱਚ ਵੀ ਹਿੱਸਾ ਪਾਇਆ। ਉਸ ਤੋਂ ਪਹਿਲਾਂ ਪੁਰਾਣੇ ਸਮਿਆਂ ਵਿੱਚ ਮਾਈ ਭਾਗੋ, ਰਾਣੀ ਸਾਹਿਬ ਕੌਰ, ਮਹਾਰਾਣੀ ਜਿੰਦਾਂ ਅਤੇ ਰਾਣੀ ਝਾਂਸੀ ਵਰਗੀਆਂ ਕੌਮ ਦੀਆਂ ਮਹਾਨ ਸਪੁੱਤਰੀਆਂ ਦੇ ਨਾਮ ਅੱਜ ਵੀ ਆਪਣੀ ਵਿਲੱਖਣ ਬਹਾਦਰੀ ਭਰੇ ਕਾਰਨਾਮਿਆਂ ਕਰਕੇ ਰੌਸ਼ਨ ਹਨ। ਸਿੱਖ ਇਤਿਹਾਸ ਗਵਾਹ ਹੈ ਕਿ ਇਸਤਰੀਆਂ ਵਿੱਚ ਕੁਰਬਾਨੀ ਦਾ ਅਥਾਹ ਜਜ਼ਬਾ ਹੈ ਅਤੇ ਉਹ ਇਸ ਪੱਖੋਂ ਮਰਦ ਨਾਲੋਂ ਘੱਟ ਨਹੀਂ। ਅਸੀਂ ਹਰ ਰੋਜ਼ ਅਰਦਾਸ ਕਰਦੇ ਹਾਂ, 'ਮਾਈਆਂ ਬੀਬੀਆਂ ਨੇ ਬੱਚਿਆਂ ਦੇ ਟੋਟੇ ਕਰਵਾ ਕੇ ਝੋਲੀਆਂ ਵਿਚ ਪੁਆਏ, ਗਲਾਂ ਵਿੱਚ ਹਾਰ ਪੁਆਏ, ਧਰਮ ਨਹੀਂ ਹਾਰੀਆਂ, ਸਿੱਖੀ

the dead body of her husband, girls were killed at the time of their very birth. She occupied a very low place in society and cast-ridden framework of society. The evidence of the same is a couplet from Ramayana written by a great saint poet Tulsi Das. He says:

ਢੋਲ ਗੰਵਾਰ ਸੂਦਰ ਪਸ਼ੂ ਅਰੁ ਨਾਰੀ।
ਯੇ ਸਭ ਤਾੜਨ ਕੇ ਅਧਿਕਾਰੀ।

Much later, a renowned Punjabi poet Sayyad Waris Shah criticised women:

ਵਾਰਸ ਰੰਨ ਫਕੀਰ ਤਲਵਾਰ ਘੋੜਾ
ਚਾਰੇ ਥੋਕ ਇਹ ਕਿਸੇ ਦੇ ਯਾਰ ਨਾਹੀਂ।

and yet another one doubts the integrity and sincerity of the women:

ਭੱਠ ਰੰਨਾਂ ਦੀ ਦੋਸਤੀ, ਖੁਰੀ ਜਿਨ੍ਹਾਂ ਦੀ ਮੱਤ।

That is why Guru Nanak Dev ji raised his voice against the injustice being done to women:

ਭੰਡੁ ਮੁਆ ਭੰਡੁ ਭਾਲੀਐ, ਭੰਡਿ ਹੋਵੈ ਬੰਧਾਨੁ।।
ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ।।

With the advent of the British rule, the lot of women also started improving because the ideas they brought from the West did indirectly create an atmosphere in which some of our social reformers could work and achieve considerable measure of success. Women organised themselves and (in 1942) brave women like Aruna Asif Ali, Sucheta Kriplani and Usha Mehta jumped into the struggle for independence. They were willing to join processions, face police firing and go to prison. They broke salt law, picketed shops selling liquor and foreign manufactured cloth. Young girls and women with small children went to prisons where conditions were higly deplorable.

Even in the older times women like Mai Bhaago, Rani Sahib Kaur, Rani Jhansi and manyh others were and still are famed fro their valour and bravery. Sikh history proves that women are as capable of making sacrifices as men as we read in our daily Ardas:

It is indeed the character and status of women that reflect the political and moral conditions of a community.



SEGREGATION OF MALE AND FEMALE WORLD IN RAMAGARHIA COMMUNITY

Our society is sharply divided between the world of men and the world of women. Among the upper classes of the society, it is exclusively the men who participate in the subsistence economy and are responsible for earning a living. Men are the main participants in the field of public affairs too. Women find themselves excluded from the direct participation in w wide range of economic, political, administrative and judicial institutions. It is a woman's economic dependence which, to a great extent, has been responsible for her low status and this is also the root cause of the dowry system. She has no identity of her own. She

ਸਿਦਕ ਕੇਸਾਂ ਸਵਾਸਾਂ ਸੰਗ ਨਿਬਾਹਿਆ- ਸੋ ਇਸ ਵਿਚ ਕੋਈ ਸੰਦੇਹ ਨਹੀਂ ਕਿ ਕਿਸੇ ਕੌਮ ਦੀ ਮਜਬੂਤੀ, ਉਸਦਾ ਰਾਜਨੀਤਕ ਅਤੇ ਨੈਤਿਕ ਪੱਧਰ ਉਸ ਕੌਮ ਦੀਆਂ ਇਸਤਰੀਆਂ ਦੇ ਮਾਨਸਿਕ ਤੇ ਨੈਤਿਕ ਪੱਧਰ ਤੇ ਹੀ ਨਿਰਭਰ ਕਰਦਾ ਹੈ।

ਰਾਮਗੜ੍ਹੀਆ ਸਮਾਜ ਵਿਚ ਔਰਤ ਤੇ ਮਰਦ-ਦੇ ਅੱਡਰੇ ਸੰਸਾਰ

ਸਾਡੇ ਸਮਾਜ ਵਿੱਚ ਹਾਲੇ ਵੀ ਔਰਤ ਤੇ ਮਰਦ ਦੇ ਇਕ ਦੂਜੇ ਤੋਂ ਵੱਖਰੇ ਸੰਸਾਰ ਹਨ। ਉੱਚ - ਸ਼੍ਰੇਣੀਆਂ ਦੇ ਲੋਕਾਂ ਵਿੱਚ ਕਮਾਈ ਕਰਨ ਦੀ ਅਤੇ ਘਰੇਗੀ ਆਰਥਿਕਤਾ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਮਰਦਾਂ ਤੇ ਹੀ ਹੈ। ਸਮਾਜਕ ਲੈਣ-ਦੇਣ ਅਤੇ ਵਿਚਾਰ ਵਿਹਾਰ ਵਿਚ ਵੀ ਮਰਦ ਦਾ ਹੀ ਮੁੱਖ ਹਿੱਸਾ ਹੈ। ਇਸ ਵਰਗ ਦੀਆਂ ਔਰਤਾਂ ਆਰਥਿਕ, ਰਾਜਨੀਮਿਕ ਅਤੇ ਪ੍ਰਬੰਧਕੀ ਖੇਤਰ ਵਿੱਚ ਕੋਈ ਅਹਿਮ ਰੋਲ ਅਦਾ ਨਹੀ ਕਰ ਰਹੀਆਂ। ਅਸਲ ਵਿੱਚ ਇਹ ਔਰਤ ਦੀ ਆਰਥਿਕ ਨਿਰਭਰਤਾ ਹੀ ਹੈ, ਜੋ ਉਸਨੂੰ ਸਮਾਜ ਵਿੱਚ ਉਚਿਆਂ ਨਹੀਂ ਉੱਠਣ ਦਿੰਦੀ ਅਤੇ ਦਹੇਜ-ਪ੍ਰਥਾ ਵਰਗੀ ਲਾਹਨਤ ਦਾ ਮੂਲ ਕਾਰਣ ਹੈ। ਉਸਦੀ ਆਪਣੀ ਵੱਖਰੀ ਕੋਈ ਹੋਂਦ ਨਹੀਂ। ਉਹ ਹਮੇਸ਼ਾਂ ਕਿਸੇ ਦੀ ਪਤਨੀ, ਮਾਂ ਜਾਂ ਧੀ ਦੇ ਤੌਰ ਤੇ ਹੀ ਜਾਣੀ ਜਾਂਦੀ ਹੈ। ਪਿਛਲੇ ਕੁਝ ਦਹਾਕਿਆਂ ਵਿੱਚ ਵਿੱਦਿਆ ਦੇ ਖੇਤਰ ਵਿੱਚ ਇਸਤਰੀ ਵਲੋਂ ਕੀਤੀਆਂ ਗਈਆਂ ਮਹਾਨ ਪ੍ਰਾਪਤੀਆਂ ਦੇ ਬਾਵਜੂਦ, ਸਾਡੀਆਂ ਔਰਤਾਂ ਦੇ ਮਰਦ ਨਾਲੋਂ ਘਟੀਆ ਹੋਣ ਦੇ ਪਿਛਾਂਹ-ਖਿੱਚੂ ਵਿਚਾਰ ਕੁਝ ਹੱਦ ਤਕ ਅਜੋਕੇ ਸਮੇਂ ਵਿੱਚ ਵੀ ਪ੍ਰਵਾਨਤ ਹਨ।

ਦਾਜ-ਇਕ ਲਾਹਨਤ

ਅੱਜ ਵੀ ਸਾਡੇ ਰਾਮਗੜ੍ਹੀਆ ਸਮਾਜ ਵਿਚ ਲੜਕੀਆਂ ਨੂੰ ਬੋਝ ਸਮਝਿਆ ਜਾਂਦਾ ਹੈ। ਲੜਕੀ ਦੇ ਜਨਮ ਤੋਂ ਹੀ ਮਾਤਾ- ਪਿਤਾ ਨੂੰ ਉਸਦੇ ਵਿਆਹ ਨਾਲ ਸੰਬੰਧਤ ਰਹੁਰੀਤਾਂ ਅਤੇ ਖਰਚਿਆਂ ਦੀ ਚਿੰਤਾ ਦਾ ਘੁਣ ਲਗ ਜਾਂਦਾ ਹੈ। ਦਾਜ-ਪ੍ਰਥਾ ਸਾਡੇ ਮੱਥੇ ਤੇ ਇਕ ਕਲੰਕ ਹੈ। ਭਾਵੇਂ ਅਸੀਂ ਸਾਰੇ ਹੀ ਦਾਜ ਲੈਣ-ਦੇਣ ਨੂੰ ਨਿੰਦਦੇ ਹਾਂ, ਪਰੰਤੂ ਅਮਲੀ ਤੌਰ ਤੇ ਅਸੀਂ ਸਾਰੇ ਹੀ ਇਸ ਰਿਵਾਜ ਨੂੰ ਕਿਸੇ ਨਾ ਕਿਸੇ ਰੂਪ ਵਿਚ ਅਗਾਂਹ ਤੋਰੀ ਜਾ ਰਹੇ ਹਾਂ। ਚੀਜ਼ਾਂ ਵਸਤਾਂ ਦੇਣ ਦੀ ਬਜਾਇ ਮੋਟਾ ਸਰਮਾਇਆ ਜਾਂ ਮਕਾਨ ਆਦਿ ਦੇਣ ਦਾ ਰਿਵਾਜ ਹੋ ਗਿਆ ਹੈ, ਜਿਸਨੂੰ ਨੈਤਿਕ ਪੱਖੋਂ ਵੀ ਜਾਇਜ਼ ਕਰਾਰ ਦਿੱਤਾ ਜਾਂਦਾ ਹੈ। ਆਪਣੀਆਂ ਧੀਆਂ ਦੇ ਵਿਆਹਾਂ ਸਮੇਂ ਦਾਜ ਤੋਂ ਔਖੇ ਹੋਏ ਮਾਂ-ਬਾਪ ਵੀ ਆਪਣੇ ਪੁੱਤਰਾਂ ਦੀਆਂ ਸ਼ਾਦੀਆਂ ਸਮੇਂ ਦਾਜ ਦੀ ਲਾਲਸਾ ਰੱਖਦੇ ਹਨ।

ਮੇਰੀਆਂ ਇੰਗਲੈਂਡ, ਅਮਰੀਕਾ ਤੇ ਕੈਨੇਡਾ ਦੀਆਂ ਯਾਤਰਾਵਾਂ ਤੇ ਇੰਗਲੈਂਡ ਵਿੱਚ ਦੋ ਕੁ ਸਾਲ ਰਹਿਣ ਦੇ ਦੌਰਾਨ, ਮੈਂ ਮਹਿਸੂਸ ਕੀਤਾ ਹੈ, ਕਿ ਇਨ੍ਹਾਂ ਦੇਸ਼ਾਂ ਵਿੱਚ ਦਾਜ-ਪ੍ਰਥਾ ਭਾਰਤ ਨਾਲੋਂ ਵੀ ਜ਼ਿਆਦਾ ਮਜ਼ਬੂਤੀ ਪਕੜ ਚੁੱਕੀ ਹੈ, ਅਤੇ ਕਈ ਵਾਧੂ ਰਸਮਾਂ ਜੋੜ ਕੇ ਲੈਣ ਦੇਣ ਬਹੁਤ ਵੱਧ ਚੁੱਕਿਆ ਹੈ। ਇਸ ਸਮੱਸਿਆ ਨੂੰ ਗੰਭੀਰਤਾ ਨਾਲ ਵਿਚਾਰਨ ਤੇ ਸਮਾਜਕ ਪੱਧਰ ਤੇ ਫੈਸਲੇ ਲੈਣ ਅਤੇ ਉਨ੍ਹਾਂ ਨੂੰ ਲਾਗੂ ਕਰਨ ਦੀ ਲੋੜ ਹੈ, ਕਿਉਂਕਿ ਦਾਜ-ਪ੍ਰਥਾ ਦਾ ਨਵ-ਵਿਆਹੁਤਾ ਜੋੜੀ ਦੇ ਜੀਵਨ ਤੇ ਭੈੜਾ ਅਸਰ ਪੈਂਦਾ ਹੈ ਅਤੇ ਇਸ ਨਾਲ ਆਪਸੀ ਦੂਰੀ ਅਤੇ ਨਫ਼ਰਤ ਪੈਦਾ ਹੁੰਦੀ ਹੈ। ਮੈਂ ਮਹਿਸੂਸ ਕਰਦੀ ਹਾਂ ਕਿ ਜੋ ਨੌਜਵਾਨ ਦਾਜ ਦੀ ਲਾਲਸਾ ਰੱਖਦਾ ਹੈ, ਉਹ ਆਪਣੀ ਵਿੱਦਿਆ, ਆਪਣੇ ਸਮਾਜ ਅਤੇ ਆਪਣੀ ਕੌਮ ਨੂੰ ਨੀਵਿਆਂ ਕਰਦਾ ਹੈ, ਅਤੇ ਇਹ ਇਸਤ੍ਰੀਅਤ ਦਾ ਘੋਰ ਨਿਰਾਦਰ ਹੈ। ਦਹੇਜ ਦਾ ਰਿਵਾਜ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਔਰਤ ਮਰਦ ਨਾਲੋਂ ਘਟੀਆ ਹੈ।

ਵੱਖੋ ਵੱਖਰੀਆਂ ਰਾਮਗੜ੍ਹੀਆ ਸਮਾਜਕ ਸ਼੍ਰੇਣੀਆਂ ਦੇ ਜੀਵਨ-ਪੱਧਰ ਵਿੱਚ ਭਿੰਨਤਾ

ਵਿਸਥਾਰ ਵਿੱਚ ਅਧਿਐਨ ਕਰਨ ਤੋਂ ਪਤਾ ਲਗਦਾ ਹੈ, ਕਿ ਭਾਰਤ ਅਤੇ ਬਾਹਰਲੇ ਦੇਸ਼ਾਂ ਵਿੱਚ ਰਹਿੰਦੇ ਵੱਖ-ਵੱਖ ਇਲਾਕਿਆਂ, ਵੱਖ ਵੱਖ ਆਰਥਿਕ ਸ਼੍ਰੇਣੀਆਂ ਅਤੇ ਵੱਖ ਵੱਖ ਸਮਾਜਿਕ ਵਰਗਾਂ ਦੇ ਜੀਵਨ-ਪੱਧਰ ਵਿਚ ਅੰਤਾਂ ਦਾ ਫ਼ਰਕ ਹੈ। ਇਕ ਗੱਲ ਹੋਰ, ਦੇ ਵਿਆਹੁਤਾ ਔਰਤਾਂ, ਸਮਾਜਕ ਤੇ ਆਰਥਿਕ ਪੱਖੋਂ ਵੱਖ ਵੱਖ ਵਰਗਾਂ ਨਾਲ ਸੰਬੰਧਤ ਹਨ, ਦੇ ਘਰੇਗੀ ਜੀਵਨ ਵਿਚ ਵੀ ਕਈ ਭਿੰਨਤਾਵਾਂ ਹੋਣਗੀਆਂ। ਇਸ ਤੋਂ ਇਲਾਵਾ ਸ਼ਹਿਰਾਂ ਵਿੱਚ ਰਹਿਣ ਵਾਲੀਆਂ ਮਧ-ਵਰਗ ਦੀਆਂ ਸਾਰੀਆਂ ਹੀ ਨੌਕਰੀ-ਪੇਸ਼ਾ ਇਸਤਰੀਆਂ

is always known as somebody's wife, mother or daughter. Inspite of great advancement made in the sphere of womens' education during the last few decades, most of the old prejudices against women in Ramgarhia community still persist.

DOWRY - AN EVIL

Even in the modern age, among Ramarhia families, girls are considered to be burden on the family. From the very birth of a female child in the family, the parents start worrying about the problems regarding her marriage. Dowry is a great curse in our society. Although theoretically, it is condemned by all but in fact most of the parents are parties to this evil. People have devised novel methods wherein they accept dowary payments. Such payments are deemed as symbolds of high social rank and are not considered unethical. Even the people who have suffered from this evil system during the marriages of their suffered from this evil system during the marriages of their daughters, seem to be very keen to get dowry in the marriages of their sons.

During my visits and stay in England, Canada and U.S.A., I have observed that this evil has taken stronger and deeper roots in these countries than in India. This needs to be taken seriously because the system of dowry ultimately reflects on the married life of the couple. It breeds hatred and contempt which may ruin their married life. I personally feel that any youngman who askes for dowry discredits his education, his community, his nation and disbonours womanhood. Dowry system also strengthens the idea that woman is inferior to man.

ਦਾ ਵੀ ਇਕੋ ਜਿਹਾ ਸਥਾਨ ਨਹੀਂ ਹੋ ਸਕਦਾ। ਸਮਾਜ ਵਿੱਚ ਉਨ੍ਹਾਂ ਦਾ ਸਥਾਨ ਉਨ੍ਹਾਂ ਦੀ ਵਿਅਕਤੀਗਤ ਯੋਗਤਾ, ਵਿੱਦਿਅਕ ਪ੍ਰਾਪਤੀਆਂ ਅਤੇ ਉਨ੍ਹਾਂ ਦੇ ਨੌਕਰੀ ਦੇ ਰੁਤਬੇ ਤੇ ਵੀ ਅਧਾਰਿਤ ਹੈ।

ਮੋਟੇ ਤੌਰ ਤੇ ਵੇਖਿਆਂ, ਸਾਰੀ ਦੁਨੀਆਂ ਦੀਆਂ ਹੀ ਇਸਤਰੀਆਂ ਦੀ ਘਰੇਲੂ ਜ਼ਿੰਦਗੀ, ਜਿਥੋਂ ਤੱਕ ਉਨ੍ਹਾਂ ਦੇ ਫ਼ਰਜ਼ਾਂ ਤੇ ਜ਼ਿੰਮੇਵਾਰੀਆਂ ਦਾ ਸੰਬੰਧ ਹੈ, ਤਕਰੀਬਨ ਇਕੋ ਜਿਹੀ ਹੀ ਜਾਪੇਗੀ। ਕੁਝ ਸਾਲ ਪਹਿਲਾਂ ਮੈਕਸੀਕੋ ਸਿਟੀ ਵਿੱਚ ਔਰਤਾਂ ਬਾਰੇ ਅੰਤਰ-ਰਾਸ਼ਟਰੀ ਕਾਨਫਰੰਸ ਹੋਈ। ਇਕ ਪਰਚੇ ਵਿੱਚ ਦਰਸਾਇਆ ਗਿਆ, ਕਿ ਕਿਵੇਂ ਔਰਤ ਘਰ ਦੀ ਚਾਰ ਦੀਵਾਰੀ ਵਿੱਚ ਕੈਦ, ਹਮੇਸ਼ਾਂ ਹੀ ਖਾਣਾ ਬਨਾਉਣ, ਬੱਚਿਆਂ ਦੀ ਦੇਖ ਭਾਲ, ਘਰ ਦੀ ਸਾਫ਼ ਸਫ਼ਾਈ ਵਿੱਚ ਰੁਝੀ ਹੋਈ ਇਕ ਰੁੱਖੀ ਜਿਹੀ ਜ਼ਿੰਦਗੀ ਬਤੀਤ ਕਰਦੀ ਹੈ ਅਤੇ ਉਸ ਕੋਲ ਇਤਨਾ ਵਕਤ ਨਹੀਂ ਹੁੰਦਾ ਕਿ ਉਹ ਆਪਣੀ ਸ਼ਖਸੀਅਤ ਨੂੰ ਵਿਕਸਿਤ ਕਰ ਸਕੇ। ਇੰਝ ਪ੍ਰਤੀਤ ਹੁੰਦਾ ਹੈ, ਜਿਵੇ ਇਹ ਸਾਰਾ ਕੁਝ ਸਾਡੀਆਂ ਰਾਮਗੜ੍ਹੀਆਂ ਭੈਣਾਂ ਬਾਰੇ ਹੀ ਆਖਿਆ ਗਿਆ ਹੋਵੇ।

ਅੰਤਰ ਰਾਸ਼ਟਰੀ ਇਸਤ੍ਰੀ ਵਰ੍ਹਾ-੧੯੭੫

ਇਸਤ੍ਰੀਆਂ ਦੇ ਰੁਤਬੇ ਨੂੰ ਉੱਚੇ ਚੁਕਣ ਅਤੇ ਸਮੁੱਚੇ ਇਸਤ੍ਰੀ-ਵਰਗ ਦੇ ਵਿਕਾਸ ਦੀ ਲੋੜ ਵਲ ਸਾਰੀ ਦੁਨੀਆਂ ਦਾ ਧਿਆਨ ਕੇਂਦ੍ਰਿਤ ਕਰਨ ਲਈ ਯੂ.ਐਨ.ਓ. ਵਲੋਂ ੧੯੭੫ ਦੇ ਸਾਲ ਨੂੰ ਅੰਤਰ ਰਾਸ਼ਟਰੀ ਇਸਤ੍ਰੀ ਵਰ੍ਹਾ ਕਰਾਰ ਦਿੱਤਾ ਗਿਆ। ਇਸ ਦਾ ਮੁੱਖ ਨਿਸ਼ਾਨਾ ਇਹ ਸੀ, ਕਿ ਯੂ.ਐਨ.ਓ. ਦੇ ਸਾਰੇ ਮੈਂਬਰ-ਦੇਸ਼ਾਂ ਤੇ ਜ਼ੋਰ ਪਾਇਆ ਜਾਵੇ ਅਤੇ ਉਨ੍ਹਾਂ ਨੂੰ ਜਾਗਰੂਕ ਕੀਤਾ ਜਾਵੇ ਕਿ ਸਮੁਚੀ ਦੁਨੀਆਂ ਦੀ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਉੱਨਤੀ ਅਤੇ ਵਿਕਾਸ ਵਿੱਚ ਔਰਤਾਂ ਦਾ ਮਹੱਤਵਪੂਰਨ ਹਿੱਸਾ ਹੈ, ਉਹ ਮਰਦ ਦੀਆਂ ਪੂਰਕ ਹਨ। ਦੁਨੀਆਂ ਵਿੱਚ ਸ਼ਾਂਤੀ ਦੀ ਸਥਾਪਨਾ ਵਾਸਤੇ ਇਸਤ੍ਰੀਆਂ ਵਲੋਂ ਪਾਇਆ ਜਾ ਰਿਹਾ ਯੋਗਦਾਨ ਬਹੁਤ ਮਹੱਤਤਾ ਰੱਖਦਾ ਹੈ, ਇਸ ਲਈ ਉਹ ਜਿਸ ਸਥਾਨ ਦੀ ਹੱਕਦਾਰ ਹੈ, ਉਸਨੂੰ ਮਿਲਣਾ ਚਾਹੀਦਾ ਹੈ।

ਆਜ਼ਾਦੀ ਤੋਂ ਬਾਦ ਦੀ ਸਥਿਤੀ

ਆਜ਼ਾਦੀ ਤੋਂ ਬਾਅਦ ਸਾਡੀਆਂ ਭੈਣਾਂ ਨੇ, ਨਿਰਸੰਦੇਹ, ਹਰ ਖੇਤਰ ਵਿੱਚ ਨਵੀਆਂ ਬੁਲੰਦੀਆਂ ਨੂੰ ਛੋਹਿਆ ਹੈ। ਉਹ ਵੱਖ ਵੱਖ ਸੰਸਥਾਵਾਂ ਦੀਆਂ ਮੈਂਬਰ ਅਤੇ ਪ੍ਰਧਾਨ ਹਨ, ਵਕੀਲ ਅਤੇ ਡਾਕਟਰ ਹਨ। ਆਪਣੀ ਮਿਹਨਤ,

CATEGORIES OF PEOPLE IN RAMGARHIA COMMUNITY

If we go deep down into the details we shall find a rich diversity in the life styles of the regional communities in India and abroad and in the socio-economic classes. Again, the position of two (married) women in their respective families, belonging to the same cultural area but falling into different socio-economic categories will bring to light many similarities and differences. One thing more, all the middle class working women in the cities do not enjoy the same status because of their educational achievements and the status of their work.

The uniformity of a woman's domestic life is a worldwide phenomenon. Some years ago a World Conference on women was held at Mexico City. One of the papers presented there gave the details of a woman's plight that she lead a dull, home-bound life, always busy in cooking and cleaning. Thus she could not deevelop her interests and personality. It appeared as if it was all about our own Ramgarhia sisters.

INTERNATIONAL WOMEN'S YEAR - 1975

The United Nations Nations designated 1975 as International Women's Year in order to concentrate upon the advancement and improvement of status of women all over the world. The main objective of the U.N. was to urge all the member states to take substantial measures to "promote equality, to ensure the full integration of women in the total development effort, especially by emphasizing women's responsibility and her important role in economic, social and cultural development", and to recognise the laudable contribution of women in strengthening the efforts to bring about world peace.

POST-INDEPENDENCE STATUS

It is highly encouraging to note that in independent India my Ramgarhia sisters have achieved great heights in all the spheres of life. There are many women members of local bodies politicians, lawyers and architects. They have already shown to the world that they can, by their shear ability and capacity for hard work, very successfully discharge their duties as administrators, etc. To quote a philosopher:

"To awaken the people, it is the women who must be awakened. Once she is on the move, the mamily moves, the village moves, the nation moves."

Sheridan, a great English playwrigth, goes further to say, "Women govern us; let us try ot render them more perfect. The more they are enlightened, so much the more we shall be on the cultivation of the minds of women, depends the wisdom of man."

Shakespeare goes one step ahead in apllauding the role of women. He says, "Women are the books, the arts, the academies, that show, contain and nourish all the world."

The (non-working) Ramgarhia women themselves

ਲਗਨ, ਮਿਹਨਤ ਅੰਤੇ ਯੋਗਤਾ ਦਾ ਸਦਕਾ ਔਰਤਾਂ ਨੇ ਸਿੱਧ ਕਰ ਦਿੱਤਾ ਹੈ, ਕਿ ਉਹ ਸਫ਼ਲ ਪ੍ਰਬੰਧਕ, ਵੀ ਬਣ ਸਕਦੀਆਂ ਹਨ। ਇਕ ਫਿਲਾਸਫ਼ਰ ਦਾ ਕਥਨ ਹੈ:-

"To awaken the people, it is the woman who must be awakened. Once she is on the move, the family moves, the village moves, the nation moves."

ਅੰਗਰੇਜ਼ੀ ਦਾ ਨਾਟਕਕਾਰ ਸ਼ੈਰੀਡਾਨ ਲਿਖਦਾ ਹੈ:-

'Women govern us; let us try to render them more perfect. The more they are enlightened, so much more we shall be. On the cultivation of the minds of women, depends the wisdom of man.'

ਸ਼ੇਕਸਪੀਅਰ, ਅੰਗਰੇਜ਼ੀ ਸਾਹਿਤ ਦਾ ਮਹਾਨ ਕਵੀ ਔਰਤ ਦੀ ਮਹਾਨਤਾ ਨੂੰ ਇਉਂ ਦਰਸਾਉਂਦਾ ਹੈ:-

`ੁਰਠਕਅ ਗਕ ਵੀਕ ਲਰਰਾਤ, ਵੀਕ ਗਵਤ, ਵੀਕ .ਫਦਕਠਜਕਤ, ਫ਼ੀਵ ਤੀਹਮ, ਫਰਅਵਜਅ, ਅਦ ਅਰਚਗਜਤੀ, „ ਵੀਕ ਮਰਗ,ਦ)

ਜੋ ਰਾਮਗੜ੍ਹੀਆ ਇਸਤ੍ਰੀਆਂ ਨੌਕਰੀ ਨਹੀਂ ਕਰਦੀਆਂ ਉਨ੍ਹਾਂ ਦਾ ਆਪਣਾ ਹੀ ਸੰਸਾਰ ਹੈ। ਉਹ ਇਕ ਦੂਜੇ ਨਾਲ ਮਿਲਦੀਆਂ ਹਨ ਅਤੇ ਅਜਿਹੇ ਸੰਬੰਧ ਸਥਾਪਿਤ ਕਰਦੀਆਂ ਹਨ ਜਿਨ੍ਹਾਂ ਦਾ ਮਰਦ-ਵਰਗ ਦੇ ਭਾਈਚਾਰੇ ਤੇ ਅਤੇ ਰਿਸ਼ਤੇ-ਨਾਤਿਆਂ ਤੇ ਮਹੱਤਵਪੂਰਨ ਪ੍ਰਭਾਵ ਪੈਂਦਾ ਹੈ। ਜੇ ਮਰਦ ਰਾਜਨੀਤਿਕ ਅਤੇ ਆਰਥਿਕ ਸੰਸਥਾਵਾਂ ਵਿੱਚ ਹਿੱਸਾ ਲੈ ਕੇ ਜ਼ਿੰਮੇਵਾਰੀ ਨਿਭਾਉਂਦਾ ਹੈ ਤਾਂ ਔਰਤਾਂ ਰਿਸ਼ਤੇਦਾਰੀਆਂ ਨਾਲ ਮੇਲ ਮਿਲਾਪ ਕਰਕੇ ਆਪਣੇ ਬੱਚਿਆਂ ਦੇ ਸ਼ਾਦੀ ਵਿਆਹ ਦੇ ਮਾਮਲਿਆਂ ਵਿਚ ਉਤਨਾ ਹੀ ਯੋਗਦਾਨ ਪਾਉਂਦੀਆਂ ਹਨ। ਅਜਿਹੀਆਂ ਸਿਆਣੀਆਂ ਇਸਤ੍ਰੀਆਂ ਪਰਿਵਾਰਕ ਜੀਵਨ ਦਾ ਧੁਰਾ ਹੁੰਦੀਆਂ ਹਨ ਅਤੇ ਉਹ ਅਸਿੱਧੇ ਤੌਰ ਤੇ ਸਮਾਜਕ ਜੀਵਨ ਨੂੰ ਪ੍ਰਭਾਵਤ ਕਰਦੀਆਂ ਹਨ।

ਪੰਜਾਬੀ ਅਨਪੜ੍ਹ ਔਰਤਾਂ ਵਿੱਚ, ਭਾਵੇਂ ਉਹ ਪੰਜਾਬ ਦੇ ਪਿੰਡਾਂ ਦੀਆਂ ਵਸਨੀਕ ਹੋਣ ਭਾਵੇਂ ਪੱਛਮੀ ਦੇਸ਼ਾਂ ਦੀਆਂ, ਆਪਣੇ ਪੱਛੜੇਪਣ ਦਾ ਅਤੇ ਆਪਣੇ ਸਮਾਜਿਕ ਦਰਜੇ ਦਾ ਅਹਿਸਾਸ ਉਤਨਾ ਤੀਬਰ ਨਹੀਂ ਹੈ, ਜਿਤਨਾ ਸ਼ਹਿਰਾਂ ਦੀਆਂ ਪੜ੍ਹੀਆਂ ਲਿਖੀਆਂ ਇਸਤ੍ਰੀਆਂ ਵਿੱਚ ਹੈ। ਇਸਤ੍ਰੀਆਂ ਦਾ ਪੱਛੜਾਪਣ ਸਾਰੇ ਸਮਾਜ ਦੇ ਵਿਕਾਸ ਲਈ ਬੜੀ ਭਾਰੀ ਰੁਕਾਵਟ ਹੈ। ਜੇ ਮਰਦ ਅਤੇ ਔਰਤ ਦੇ ਵਿਕਾਸ ਵਿੱਚ ਅੰਤਰ ਵਧਦਾ ਗਿਆ ਤਾਂ ਪਰਿਵਾਰਕ ਜੀਵਨ ਦੀ ਨੀਂਹ ਸਥਿਰ ਨਹੀਂ ਰਹਿ ਸਕੇਗੀ। ਸਾਡੇ ਸੰਵਿਧਾਨ ਵਿੱਚ ਔਰਤ ਤੇ ਮਰਦ ਨੂੰ ਬਰਾਬਰ ਹੱਕ ਦਿੱਤੇ ਗਏ ਹਨ, ਪਰ ਸਮਾਜ ਨੇ ਹਾਲੇ ਤੱਕ ਇਨ੍ਹਾਂ ਨੂੰ ਪ੍ਰਵਾਨ ਨਹੀਂ ਕੀਤਾ।

ਸਮਾਜਕ ਦ੍ਰਿਸ਼ਟੀਕੋਣ

ਪੰਜਾਬ ਵਰਗੇ ਖੁਸ਼ਹਾਲ ਰਾਜਾਂ ਦੇ ਸਰਵੇਖਣ ਤੋਂ ਪਤਾ ਲਗਦਾ ਹੈ, ਕਿ ਲੜਕਿਆਂ ਅਤੇ ਲੜਕੀਆਂ ਵਿੱਚ ਬਹੁਤ ਭੇਦ-ਭਾਵ ਰੱਖਿਆ ਜਾਂਦਾ ਹੈ। ਇਕ ਪਰਿਵਾਰ ਜਿਸ ਵਿੱਚ ਜ਼ਿਆਦਾ ਲੜਕੇ ਸੰਮਿਲਤ ਹੋਣ, ਨੂੰ ਖੁਸ਼ਕਿਸਮਤ ਸਮਝਿਆ ਜਾਂਦਾ ਹੈ। ਇਸ ਤੋਂ ਇਲਾਵਾ ਲੜਕਿਆਂ ਨੂੰ ਬੁਢਾਪੇ ਦਾ ਸਹਾਰਾ ਵੀ ਮੰਨਿਆ ਜਾਂਦਾ ਹੈ। ਪਰੰਤੂ ਦੂਜੇ ਪਾਸੇ ਲੜਕੀ ਮਾਂ-ਬਾਪ ਤੇ ਆਰਥਿਕ ਬੋਝ ਸਮਝੀ ਜਾਂਦੀ ਹੈ। ਔਰਤ-ਜਾਤੀ ਦੀ ਘਟ ਰਹੀ ਵਸੋਂ, ਲੜਕੀਆਂ ਦੀ ਮੌਤ ਦੀ ਦਰ (ਜਨਮ ਤੋਂ ਪਹਿਲਾਂ, ਜਨਮ ਦੇ ਵਕਤ, ਅਤੇ ਬੱਚਿਆਂ ਨੂੰ ਜਨਮ-ਦੇਣ ਦੀ ਉਮਰ ਵਿਚ) ਇਸ ਗੱਲ ਦੀ ਸੂਚਕ ਹੈ, ਕਿ ਇਸਤ੍ਰੀ ਵੱਲ ਹਾਲੇ ਵੀ ਪੂਰਾ ਧਿਆਨ ਨਹੀਂ ਦਿੱਤਾ ਜਾ ਰਿਹਾ।

ਅਸਲ ਵਿੱਚ ਸਾਰਾ ਦੋਸ਼ ਸਾਡੇ ਸੰਸਕਾਰਾਂ ਅਤੇ ਸਮਾਜਿਕ ਦ੍ਰਿਸ਼ਟੀਕੋਣ ਦਾ ਹੈ। ਔਰਤ ਤੋਂ ਉਮੀਦ ਕੀਤੀ ਜਾਂਦੀ ਹੈ, ਕਿ ਉਹ ਚੁਪ-ਚਾਪ ਇਕ ਮਾਂ ਅਤੇ ਪਤਨੀ ਆਦਿ ਦਾ ਰੋਲ ਅਦਾ ਕਰਦੀ ਰਹੇ ਜਦੋਂ ਕਿ ਪਰਵਾਰ ਨਾਲ ਸੰਬੰਧਤ ਮਹੱਤਵਪੂਰਨ ਫੈਸਲੇ ਪਤੀ ਜਾਂ ਪਿਤਾ ਹੀ ਕਰਨਗੇ। ਇਸੇ ਵਿਚਾਰਧਾਰਾ ਕਾਰਨ ਔਰਤ ਵਿਚ ਘਟੀਆਪਨ ਦਾ ਅਹਿਸਾਸ ਘਰ ਕਰ ਜਾਂਦਾ ਹੈ। ਇਹ ਸਾਡੀ ਬਦਕਿਸਮਤੀ ਹੈ, ਕਿ ਅਸੀਂ ਅਜਿਹੇ ਹਾਲਾਤ ਤੇ ਕਾਬੂ ਨਹੀਂ ਪਾ ਰਹੇ। ਔਰਤਾਂ ਬਾਰੇ ਸਾਡੇ ਸਮਾਜਿਕ ਦ੍ਰਿਸ਼ਟੀਕੋਣ ਵਿੱਚ ਉਸਾਰੂ ਤਬਦੀਲੀਆਂ ਲਿਆਉਣ ਦੀ ਜ਼ਰੂਰਤ ਹੈ, ਜਿਸਦੇ ਲਈ ਸਾਨੂੰ ਸਾਰਥਕ ਅਤੇ ਯੋਜਨਾਬੱਧ ਤਰੀਕੇ ਨਾਲ ਯਤਨਸ਼ੀਲ ਹੋਣ ਦੀ ਲੋੜ ਹੈ। ਇਸ ਦੀ

busy by participating in the home and in their networks of relations with other women which have a significant impact on the relations between men. The articulation and management of these networks provides the same element in the lines of women as participation in the economic or political institutions provides for men. Such women occupy pivotal positions in the domestic sphere and they often succeed in influencing public affairs through private positions.

At the same time many women are being driven, through economic compulsions, to take up jobs. And there is a heavy concentration of women in certain professions like teaching, nursing and clerical cadres.

The uneducated Ramgarhia women (of rural India or living abroad) are far less apathetic about their continued low status in society than the educated and better placed women in other socio-economic sectors. Their backwardness is, infact, a very serious hinderance in the development of the whole Ramgarhia society. The future of the family would become unstable and insecure if the gap between men's and women's advancement kept widening. Equal rights were enshrined to both men and women in our constitution but the society has been ignoring these privileges that women are entitled to.

ਜਿੰਮੇਵਾਰੀ ਪ੍ਰਬੰਧਕੀ ਢਾਂਚੇ ਅਤੇ ਸਾਡੇ ਸਮਾਜਿਕ ਢਾਂਚੇ ਦੀ ਸਾਂਝੀ ਹੈ। ਸਰਕਾਰਾਂ ਇਕੱਲਿਆਂ ਹੀ ਸਮਾਜ ਵਿੱਚ ਕਿਸੇ ਪੱਖੋਂ ਵੀ ਸੁਧਾਰ ਨਹੀਂ ਲਿਆ ਸਕਦੀਆਂ। ਹਾਂ, ਉਹ ਇਤਨਾ ਜ਼ਰੂਰ ਕਰ ਸਕਦੀਆਂ ਹਨ, ਕਿ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਅਮਲ ਵਿੱਚ ਲਿਆਂਦਾ ਜਾਵੇ।

ਨੌਕਰੀਆਂ ਪੱਖੋਂ

ਕਈ ਵਿਕਾਸਸ਼ੀਲ ਅਤੇ ਵਿਕਸਿਤ ਦੇਸ਼ਾਂ ਵਿੱਚ ਕਾਫ਼ੀ ਗਿਣਤੀ ਵਿੱਚ ਇਸਤ੍ਰੀਆਂ ਹਰ ਇਕ ਖੇਤਰ ਵਿੱਚ ਉਚੇ ਅਹੁਦਿਆਂ ਤੇ ਕੰਮ ਕਰ ਰਹੀਆਂ ਹਨ। ਰੂਸ ਵਰਗੇ ਦੇਸ਼ਾਂ ਵਿੱਚ ਔਰਤਾਂ ਡਾਕਟਰ, ਇੰਜੀਨੀਅਰ, ਹਵਾਈ ਜਹਾਜ਼ ਚਾਲਕ, ਟੈਕਸੀ ਅਤੇ ਟਰੱਕ, ਟਰੈਕਟਰ (ਡਰਾਈਵਰ) ਚਾਲਕ ਵੀ ਹਨ।

ਸਿਹਤ ਅਤੇ ਵਿੱਦਿਆ ਦੇ ਅਜਿਹੇ ਖੇਤਰ ਹਨ, ਜਿਨ੍ਹਾਂ ਵਿੱਚ ਸਾਡੀਆਂ ਰਾਮਗੜ੍ਹੀਆ ਔਰਤਾਂ ਲਈ ਨੌਕਰੀਆਂ ਦੇ ਬਹੁਤ ਮੌਕੇ ਉਪਲੱਬਧ ਹਨ। ਇਸਤ੍ਰੀਆਂ ਨੂੰ ਇਸ ਖੇਤਰ ਵਿਚ ਸਿਖਲਾਈ ਦੇਣ ਲਈ ਉਚੇਚੇ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ।

ਸਾਡੀ ਰਾਮਗੜ੍ਹੀਆ ਕੌਮ ਨੂੰ ਔਰਤਾਂ ਲਈ ਅਜਿਹੀਆਂ ਸਹੂਲਤਾਂ ਪ੍ਰਦਾਨ ਕਰਨ ਦੀ ਲੋੜ ਹੈ, ਜਿਸ ਨਾਲ ਇਸਤ੍ਰੀ ਦੇ ਅੰਦਰਲੀ ਔਰਤ, ਉਸ ਦੀਆਂ ਕਲਾਤਮਕ ਰੁਚੀਆਂ ਅਤੇ ਕੁਦਰਤ ਵਲੋਂ ਮਿਲੇ ਹੋਏ ਗੁਣ ਹੋਰ ਵਿਕਸਿਤ ਹੋ ਸਕਣ। ਸਿਲਾਈ, ਕਢਾਈ ਬੁਣਾਈ, ਪੇਂਟਿੰਗ, ਕੱਪੜਿਆਂ ਤੇ ਹੱਥ ਨਾਲ ਛਪਾਈ ਆਦਿ ਹੁਨਰ ਸਿਖਾਉਣ ਲਈ ਕੇਂਦਰ ਖੋਲੇ ਜਾਣੇ ਚਾਹੀਦੇ ਹਨ। ਸਮਾਜ ਦੁਆਰਾ ਪ੍ਰਦਾਨ ਕੀਤੇ ਰੁਜ਼ਗਾਰ ਦੇ ਅਜਿਹੇ ਮੌਕੇ ਘੱਟ ਪੜ੍ਹੀਆਂ ਲਿਖੀਆਂ ਔਰਤਾਂ ਲਈ ਵਰਦਾਨ ਸਿੱਧ ਹੋ ਸਕਦੇ ਹਨ ਅਤੇ ਉਹ ਆਪਣੀ ਪਰਿਵਾਰਕ ਆਮਦਨ ਵਿੱਚ ਯੋਗਦਾਨ ਪਾ ਸਕਦੀਆਂ ਹਨ। ਅਜੋਕੇ ਯੁਗ ਵਿੱਚ ਲੋੜ ਹੈ, ਕਿ ਔਰਤਾਂ ਹਸਤ-ਕਲਾ, ਦਸਤਕਾਰੀ ਅਤੇ ਉਦਯੋਗ ਵਿੱਚ ਆਪਣੀ ਯੋਗਤਾ ਅਨੁਸਾਰ ਪੂਰਾ ਹਿੱਸਾ ਪਾਉਣ।

ਲੜਕੀਆਂ ਲਈ ਵੱਖਰੇ ਸਿਖਲਾਈ ਕੇਂਦਰ ਖੋਲ੍ਹੇ ਜਾਣ ਦੀ ਜ਼ਰੂਰਤ ਹੈ ਜਿਥੇ ਸਿਖਲਾਈ ਦੀਆਂ ਪੂਰੀਆਂ ਸਹੂਲਤਾਂ ਉਪਲਬਧ ਹੋਣ।

ਇਸੇ ਤਰ੍ਹਾਂ ਬੱਚੀਆਂ ਲਈ ਵਿਸ਼ੇਸ਼ ਸਿਖਲਾਈ ਅਤੇ ਵਿੱਦਿਆ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ ਜਾਵੇ ਅਤੇ ਸਰਕਾਰ ਵਲੋਂ ਵਿਸ਼ੇਸ਼ ਸਿਖਲਾਈ ਵਿੱਦਿਆ ਦੇ ਕੇਂਦਰ ਖੋਲ੍ਹਣ ਅਤੇ ਚਲਾਉਣ ਲਈ ਵਿਤੀ ਸਹਾਇਤਾ ਦਿੱਤੀ ਜਾਵੇ।

ਬਾਲਗ-ਸਿੱਖਿਆ ਪ੍ਰੋਗ੍ਰਾਮਾਂ ਦੇ ਅਧੀਨ ਅਨਪੜ੍ਹ ਇਸਤ੍ਰੀਆਂ ਨੂੰ ਮੁਢਲੀ ਸਿੱਖਿਆ ਪ੍ਰਦਾਨ ਕਰਨ ਲਈ ਹੋਰ ਵਧੇਰੇ ਯਤਨ ਕਰਨ ਦੀ ਲੋੜ ਹੈ।

ਜਿਹੜੀਆਂ ਇਸਤ੍ਰੀਆਂ ਉਦਯੋਗ ਤੇ ਦਸਤਕਾਰੀ ਦੇ ਖੇਤਰ ਨੂੰ ਅਪਨਾਉਣਾ ਚਾਹੁੰਦੀਆਂ ਹੋਣ, ਉਨ੍ਹਾਂ ਨੂੰ ਲਾਇਸੈਂਸ ਪ੍ਰਾਪਤ ਕਰਨ ਵਾਸਤੇ ਅਤੇ ਕੱਚੇ ਮਾਲ ਦੀ ਪ੍ਰਾਪਤੀ ਲਈ ਵਿਸ਼ੇਸ਼ ਰਿਆਇਤਾਂ ਅਤੇ ਸਹੂਲਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।

SOCIAL ATTITUDES

Social surveys in states like Punjab have brought to light the nutritional and emotional discrimination against women. The traditional prejudice against women has been reinforced by modern ethics. A family which includes two or three sons is entitled to a large holding according to the land ceiling law. Besides, sons are considered to be a source of security in the parents' old age (in a country where social security measures are still quite inadequate). On the other hand, female lives are considered as an expendable asset. There is a vast gap between the urban educated women (who enjoy equal rights and opportunities) and the villagers where old prejudices still persist and all women are considered as mere chattels. The neglect of women (in India) is clear from the declining sex ratio. Again, female mortality before birth, at birth and also in the child-bearing age is deplorable.

The problem, in fact, is of the attitudes. The general feeling is that the wife and mother must be the more acquiescent partner, leaving the main decisions to the socalled better judgement of the husband and the father.

unfortunately from this concept flows out the commonly accepted sense of the superiority of the male.

The constructive changes in social attitudes can be effected through conscious, deliberate and well-planned efforts. the responsibility for this falls on the shoulders of both the state and the community. The Govt. alone cannot change the deep-rooted attitudes but it can definitely ensure the implementation of the laws.

CAREER OPENINGS

In many developing and developed countries, there are many women legislators, religious crusaders, politicians, lawyers and architects. In countries like Russia there are a nimber of women pilots of aircraft, taxi, Truct/Tractor drivers, besides Doctors and Engineers.

Health and Education are the areas which hold out much potential for our women's employment. Primary Health Care Programme, Maternity and Child Care Programmes, Health Guide Schemes should be introduced. And all these should aim at training and employing women for nurshing jobs and paramedical jobs.

The readers of Ramgarhia Community should take steps to encourage and try to utilize the natural bent of mind of women for artistic skills like embroidery, knit wear, dress designing, garment tailoring, fine arts and painting, hand printing of textiles, music, performing arts etc. Such opportunties would render a great help to the rural and small town women to earn a living or to add to their family income. In modern conditions there is a need to ensure women's share in handicrafts and other sectors of industry.

Polytechnics, exclusively for women, in all the major cities of Punjab and elsewhere should be opened. There should be adequate training facilities for women.

The programme for non-formal education for girls

ਤਕਨੀਕੀ ਸਿੱਖਿਆ

ਆਮ ਤੌਰ ਤੇ ਕਾਫ਼ੀ ਗਿਣਤੀ ਵਿਚ ਰਾਮਗੜ੍ਹੀਆ ਲੜਕੀਆ ਕਾਲਜ ਦੀ ਵਿੱਦਿਆ ਹਾਸਲ ਕਰ ਰਹੀਆਂ ਹਨ ਅਤੇ ਕਈ ਵਾਰੀ ਮਾਂ-ਬਾਪ ਲਈ ਪੜ੍ਹੇ ਲਿਖੇ ਯੋਗ ਵਰ ਲੱਭਣੇ ਮੁਸ਼ਕਲ ਹੋ ਜਾਂਦੇ ਹਨ। ਪਰੰਤੂ ਉਚੇਰੀ ਵਿੱਦਿਆ ਲਈ ਸਿਰਫ਼ ੩੫ ਪ੍ਰਤੀਸ਼ਤ ਲੜਕੀਆਂ ਹੀ ਦਾਖਲੇ ਲੈ ਰਹੀਆਂ ਹਨ। ਜਿਥੋਂ ਤਕ ਤਕਨੀਕੀ ਸਿੱਖਿਆ ਦਾ ਸੰਬੰਧ ਹੈ, ਲੜਕੀਆਂ ਅਤੇ ਲੜਕਿਆਂ ਵਿੱਚ ਫਾਸਲਾ ਹੋਰ ਵੀ ਜ਼ਿਆਦਾ ਹੈ। ਆਮ ਤੌਰ ਤੇ ਇਹ ਮਹਿਸੂਸ ਕੀਤਾ ਜਾਂਦਾ ਹੈ, ਕਿ ਤਕਨੀਕੀ ਸਿੱਖਿਆ ਔਰਤਾਂ ਲਈ ਠੀਕ ਨਹੀਂ, ਕਿਉਂਕਿ ਸਿਖਲਾਈ ਦੌਰਾਨ ਕਈ ਔਖੇ ਤੇ ਭਾਰੇ ਕੰਮ ਕਰਨੇ ਪੈਂਦੇ ਹਨ। ਦੂਜਾ, ਹਾਲੇ ਵੀ ਬਹੁਤੇ ਪਰਿਵਾਰਾਂ ਨੂੰ ਇਸ ਗੱਲ ਦਾ ਗਿਆਨ ਨਹੀਂ, ਕਿ ਉਚੇਰੀ ਤਕਨੀਕੀ ਸਿੱਖਿਆ ਉਨ੍ਹਾਂ ਦੀਆਂ ਬੱਚੀਆਂ ਨੂੰ ਉਚੇ ਅਹੁਦਿਆਂ ਤੇ ਪੁਚਾਵੇਗੀ। ਤੀਜੇ, ਕਈ ਕੰਪਨੀਆਂ ਇਸਤ੍ਰੀ ਇੰਜਨੀਅਰਾਂ ਨੂੰ ਨੌਕਰੀ ਦੇਣ ਤੋਂ ਜਾਂ ਜ਼ਿੰਮੇਵਾਰੀ ਵਾਲੇ ਉਚੇ ਅਹੁਦੇ ਦੇਣ ਤੋਂ ਵੀ ਝਿਜਕਦੀਆਂ ਹਨ। ਇਸ ਤੋਂ ਇਲਾਵਾ ਪਰਿਵਾਰ ਵਿਚ ਮੁੱਖ ਨਿਸ਼ਾਨਾ ਲੜਕਿਆਂ ਨੂੰ ਹੀ ਉਚੇਰੀ ਵਿਦਿਆ ਦੇਣ ਦਾ ਹੁੰਦਾ ਹੈ ਅਤੇ ਲੜਕੀ ਨੂੰ ਇਹ ਕਹਿਕੇ ਟਾਲ ਦਿੱਤਾ ਜਾਂਦਾ ਹੈ, ਕਿ ਇਸਨੇ ਕਿਹੜਾ ਨੌਕਰੀ ਕਰਨੀ ਹੈ। ਕਈ ਵਾਰੀ ਇੰਝ ਵੀ ਹੁੰਦਾ ਹੈ, ਕਿ ਲੜਕੀਆਂ ਜਿਸ ਖੇਤਰ ਵਿੱਚ, ਜਿਵੇਂ ਕਿ ਇਲੈਕਟਰੌਨਿਕਸ ਜਾਂ ਕੰਪਿਊਟਰ ਸਾਇੰਸ, ਪ੍ਰਬੀਨਤਾ ਹਾਸਲ ਕਰਨਾ ਚਾਹੁੰਦੀਆਂ ਹਨ, ਦਾਖਲੇ ਨਹੀਂ ਲੈ ਸਕਦੀਆਂ। ਉਪਰੋਕਤ ਸਾਰੀਆਂ ਗੱਲਾਂ ਇਸਤ੍ਰੀਆਂ ਦੀ ਤਕਨੀਕੀ ਸਿੱਖਿਆ ਦੀ ਪ੍ਰਾਪਤੀ ਦੇ ਰਸਤੇ ਵਿੱਚ ਭਾਰੀ ਰੁਕਾਵਟ ਬਣਦੀਆਂ ਹਨ। ਜੇ ਅਸੀਂ ਸਚਮੁਚ ਹੀ ਆਪਣੀਆਂ ਬੱਚੀਆਂ ਨੂੰ ਤਕਨੀਕੀ ਸਿੱਖਿਆ ਵਿੱਚ ਮਾਹਿਰ ਕਰਨਾ ਚਾਹੁੰਦੇ ਹਾਂ, ਤਾਂ ਲੋੜ ਹੈ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਮੱਦੇ ਨਜਰ ਰੱਖਦੇ ਹੋਏ ਉਨ੍ਹਾਂ ਦਾ ਸਮਾਧਾਨ ਲੱਭਿਆ ਜਾਵੇ।

ਮੈ ਇਹ ਕਹਿਣਾ ਚਾਹਵਾਂਗੀ ਕਿ ਰਾਮਗੜ੍ਹੀਆ ਇਸਤ੍ਰੀ ਦੇ ਵਿੱਦਿਅਕ ਪੱਧਰ ਕਾਰਨ ਹੀ ਉਸਦੀ ਯੋਗਤਾ ਤੇ ਕਿੰਤੂ ਕੀਤਾ ਜਾਂਦਾ ਹੈ, ਜੋ ਕਿ ਜਾਇਜ਼ ਨਹੀਂ। ਸਭ ਮੁਸ਼ਕਲਾਂ ਦੇ ਬਾਵਜੂਦ ਵੀ ਇਸਤ੍ਰੀ ਘਰ ਵੀ ਤੇ ਬਾਹਰ ਵੀ ਆਪਣੇ ਵਿਸ਼ੇਸ਼ ਕਰਤੱਵਾ ਦੀ ਪੂਰਤੀ ਕਰ ਰਹੀ ਹੈ। ਪਰੰਤੂ ਇਸ ਗੱਲ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਔਰਤ ਦੀ ਸ਼ਖਸੀਅਤ ਦੇ ਵਿਕਾਸ ਲਈ ਹੋਰ ਮੌਕੇ ਪੈਦਾ ਕਰਨ ਦੀ ਲੋੜ ਹੈ। ਇਕ ਮਹਾਨ ਦਾਰਸ਼ਨਿਕ ਦੇ ਸ਼ਬਦ ਹਨ:

"There is a woman at the beginning of all great things."

ਅਤੇ ਇਹ ਸੁਨਹਿਰੀ ਵਿਚਾਰ ਰਾਮਗੜ੍ਹੀਆ ਕੌਮ ਦੀਆਂ ਔਰਤਾਂ ਤੇ ਵੀ ਢੁੱਕਦਾ ਹੈ। ਜੇ ਰਾਮਗੜ੍ਹੀਆ ਔਰਤ ਨੂੰ ਕੁਦਰਤ ਵਲੋਂ ਮਿਲੇ ਹੋਏ ਗੁਣਾਂ ਨੂੰ ਵਿਕਸਿਤ ਕਰਨ ਲਈ ਢੁਕਵੇਂ ਮੌਕੇ ਪ੍ਰਦਾਨ ਕੀਤੇ ਜਾਣ ਅਤੇ ਸਹਿਯੋਗ ਤਾਂ ਦਿੱਤਾ ਜਾਵੇ ਤਾਂ ਇਸ ਵਿਚ ਕੋਈ ਸ਼ੱਕ ਨਹੀ ਕਿ ਉਹ ਵੀ ਸ੍ਰੀ ਮਤੀ ਭੰਡਾਰਨਾਇਕੇ, ਮਾਰਗਰੇਟ ਥੈਚਰ ਅਤੇ ਸ੍ਰੀ ਮਤੀ ਇੰਦਰਾ ਗਾਂਧੀ ਵਾਂਗੂੰ ਭਵਿੱਖ ਵਿਚ ਦੇਸ਼ ਦੀ ਪ੍ਰਧਾਨ ਮੰਤਰੀ ਵੀ ਬਣਨ ਦੀ ਵੀ ਯੋਗਤਾ ਤੇ ਸਮਰਥਾ ਰੱਖਦੀ ਹੈ। ਇਹ ਮੇਰਾ ਵਿਸ਼ਵਾਸ਼ ਹੈ।

ਇਕ ਮਾਂ ਦਾ ਪ੍ਰਵਾਰ ਵਿਚ ਮਹੱਤਵਪੂਰਨ ਸਥਾਨ ਹੈ। ਅਸੀਂ ਮਾਂ ਨੂੰ ਪਿਆਰ ਕਰਦੇ ਹਾਂ ਅਤੇ ਮਾਵਾਂ ਨੂੰ ਠੰਡੀਆਂ ਛਾਵਾਂ ਆਖਦੇ ਹਨ- ਇਥੇ ਮੈਂ ਆਪਜੀ ਦੇ ਸਾਹਮਣੇ ਆਪਣੀ ਮਾਂ-ਬੋਲੀ ਪੰਜਾਬੀ ਬਾਰੇ ਕੁਝ ਵਿਚਾਰ ਰੱਖਣਾ ਚਾਹਵਾਂਗੀ, ਜਿਸਨੂੰ ਸਾਨੂੰ ਆਪਣੀ ਮਾਂ ਵਾਂਗੂ ਹੀ ਪਿਆਰ ਤੇ ਸਤਿਕਾਰ ਦੇਣਾ ਬਣਦਾ ਹੈ ਅਤੇ ਮਾਂ-ਬੋਲੀ ਦੇ ਰਾਹੀਂ ਹੀ ਅਸੀਂ ਆਪਣੇ ਅਮੀਰ ਵਿਰਸੇ ਦੀ ਠੰਡੀ ਛਾਂ ਮਾਨਣ ਦਾ ਸੁਭਾਗ ਪ੍ਰਾਪਤ ਕਰ ਸਕਾਂਗੇ ।

ਸਾਡੀ ਮਾਂ ਬੋਲੀ-ਪੰਜਾਬੀ ਦੀ ਮਹੱਤਤਾ

ਭਾਸ਼ਾ ਸਮਾਜਿਕ ਵਿਕਾਸ ਤੇ ਸਭਿਅਤਾ ਦੀ ਬੁਨਿਆਦੀ ਇਕਾਈ ਹੈ। ਭਾਸ਼ਾ ਜਾਂ ਬੋਲੀ ਤੋਂ ਭਾਵ ਉਨ੍ਹਾਂ ਬੋਲਾਂ ਜਾਂ ਸ਼ਬਦਾਂ ਤੋਂ ਹੈ ਜਿਨ੍ਹਾਂ ਦੁਆਰਾ ਮਨ ਦੇ ਭਾਵਾਂ ਨੂੰ ਪ੍ਰਗਟਾਇਆ ਜਾਂਦਾ ਹੈ। ਕੋਈ ਕੌਮ ਜਾਂ ਦੇਸ਼ ਕਿੰਨਾ ਕੁ ਉੱਨਤ ਹੈ, ਇਸ ਗੱਲ ਦਾ ਅਨੁਮਾਨ ਉਸ ਦੀ ਬੋਲੀ ਤੋਂ ਲਾਇਆ ਜਾ ਸਕਦਾ ਹੈ।



Mrs Anup Kaur Bansal

should be popularized and there should be financial assistance from the State for non-formal education centres.

Under adult education schemes more work is needed to be done to provide elementary knowledge to the illiterate rural women.

In order to provide more opportunities to women for greater employment, preferences can be given to women applicants and entrepreneurs in granting licenses to industries and in allotment of raw material for small industries.

TECHNICAL EDUCATION

Generall speaking, a large number of Ramgarhia girls are going in for college education. At times, if becomes very difficult for the parents to find a suitable well qualified match for their daughter. But women going for higher education are hardly 35 per cent of the total enrollment. When it comes to technical education the gap between male and female enrollment is very wide. It is generally believed that technical education is unsuitable for women because of the strenuous nature of the training involved. Secondly, there is lack of awareness about career opportunities in technical education. Thirdly, many of the employees are reluctant to employ women engineers or give them senior responsible positions. Then there is economic priority of the family which is, in most cases, not in favour of educating women for employment. At times women cannot get admission in the preferred institutions and branches like electronics and computer sciences, etc. All these factors inhibit a greater participation of women in technical education. If we really want to promote technical education for women, we should try to understand the problems women are facing and take remedial measures to overcome the obstacles.

In the end, I would like to say that it is only the nature of a Ramgarhia woman's education and up-bringing that puts them at a disadvantage, and keeps up the notion that they are inferiors in ability. I conclude with words of a great philosopher, "There is a woman at the beginning of all great things" and if applies to Ramgarhia woman too. Provided she is given the right atmosphere and equal opportunities to utilize her talents, no doubt, like Mrs. Vijay Lakshmi Pandit (The first woman chairperson of the U.N.O) Mrs. Bhandarnaike Mrs. Margret Thatcher and Mrs. Indira Gandhi she can also reach the lofty heights in life.

IMPORTANCE OF OUR MOTHER TONGUE PANJABI

Language is the basis of socio-cultural development. The mother-tongue means the use of certain words for the expression of our emotions and feelings. the languages is, in fact, the pedigree of a nation. the noble standard of language denotes the high standard of a community of a nation.

Panjabi is our mother-tongue. It is homely like a mother. It is the tongue in whose lap we open our eyes, grow and develop. Language is a sacred thing; it grows



ਪੰਜਾਬੀ ਸਾਡੀ ਮਾਂ-ਬੋਲੀ ਹੈ, ਜਿਸਦੀ ਮਿੱਠੀ ਗੋਦੀ ਵਿਚ ਅਸੀਂ ਪੱਲਰਦੇ ਤੇ ਜਵਾਨ ਹੁੰਦੇ ਹਾਂ, ਵਿਕਸਿਤ ਹੁੰਦੇ ਹਾਂ। ਬੋਲੀ ਇਕ ਪਵਿਤਰ ਵਸਤ ਹੈ, ਜੋ ਇਨਸਾਨੀ ਜੀਵਨ ਵਿਚੋਂ, ਜੀਵਨ ਦੇ ਦੁੱਖਾਂ-ਸੁਖਾਂ ਵਿਚੋਂ, ਇਸਦੀ ਅਪੂਰਨਤਾ ਅਤੇ ਪੂਰਨਤਾ ਦਾ ਪ੍ਰਗਟਾਵਾ ਹੈ। ਹਰ ਇਕ ਭਾਸ਼ਾ ਕੌਮੀ ਮਹਾਨਤਾ ਰੱਖਦੀ ਹੈ। ਪੰਜਾਬੀ ਪੰਜਾਬ ਦੀ ਭਾਸ਼ਾ ਹੈ ਅਤੇ ਇਸ ਦਾ ਸੰਬੰਧ ਪੰਜਾਬ ਦੀ ਕੌਮ ਅਤੇ ਪੰਜਾਬੀਅਤ ਨਾਲ ਹੈ। ਵਿਦਵਾਨਾਂ ਦੀ ਖੋਜ ਸਿੱਧ ਕਰਦੀ ਹੈ, ਕਿ ਪੰਜਾਬੀ ਭਾਰਤ ਦੀਆਂ ਪ੍ਰਾਚੀਨ ਭਾਸ਼ਾਵਾਂ ਵਿੱਚੋਂ ਇਕ ਹੈ, ਇਥੋਂ ਤੱਕ ਕੀ ਭਾਰਤ ਵਿੱਚ ਸਿਕੰਦਰ ਦੇ ਹਮਲੇ ਸਮੇਂ ਕਈ ਇਲਾਕਿਆਂ ਵਿੱਚ ਪੰਜਾਬੀ ਕਿਸੇ ਨਾ ਕਿਸੇ ਰੂਪ ਵਿੱਚ ਬੋਲੀ ਜਾਂਦੀ ਸੀ। ਪੰਜਾਬੀ ਬੋਲੀ ਸਾਡੀ ਪ੍ਰਾਚੀਨ ਅਤੇ ਅਮੀਰ ਸਭਿਅਤਾ ਦੀ ਸੂਚਕ ਹੈ, ਅਤੇ ਸਾਡੇ ਇਤਿਹਾਸ, ਮਿਥਿਹਾਸ ਅਤੇ ਲੋਕ ਸਾਹਿਤ ਦਾ ਖਜਾਨਾ ਹੈ। ੧੬੬੯ ਵਿੱਚ ਹਾਫਜ਼ ਬਰਖੁਰਦਾਰ ਨੇ ਆਪਣੇ ਜੰਗਨਾਮੇ ਵਿੱਚ ਪੰਜਾਬ ਦੀ ਭਾਸ਼ਾ ਲਈ ਪੰਜਾਬੀ ਸ਼ਬਦ ਵਰਤਿਆ ਹੈ:-

' ਹਜ਼ਰਤ ਮੋਮਨ ਦਾ ਫ਼ਰਮਾਇਆ, ਇਸ ਵਿਚ ਇਹ ਮਸਾਇਲ।
ਤੁਰਤ ਪੰਜਾਬੀ ਆਖ ਸੁਣਾਈ ਜੋ ਕੋ ਹੋਵੇ ਮਾਇਲ।

ਮੌਲਵੀ ਕਮਾਲੁਦੀਨ ਨੇ ਵੀ ੧੭੦੩ ਈ: ਵਿਚ ਇਥੋਂ ਦੀ ਭਾਸ਼ਾ ਲਈ ਪੰਜਾਬੀ ਸ਼ਬਦ ਵਰਤਿਆ:

ਦੇਖ ਕਿਤਾਬਾਂ ਮਸਲੇ ਜੋੜੇ ਵਿਚ ਜ਼ਬਾਨ ਪੰਜਾਬੀ
ਯਾਦ ਕਰੇ ਤੇ ਪੜ੍ਹੇ ਹਮੇਸ਼ਾ, ਨਾਲ ਤਬੀਅਤ ਤਾਜ਼ੀ

ਨਾਥਾਂ ਤੇ ਜੋਗੀਆਂ ਦੇ ਮਧੁਰ ਸੁਰ, ਬਾਬਾ ਫ਼ਰੀਦ ਦੀ ਮਿੱਠੀ ਬਾਣੀ, ਗੁਰੂ ਸਾਹਿਬਾਨ ਦੇ ਇਲਾਹੀ ਬਚਨ, ਸੂਫ਼ੀਆਂ ਦੀਆਂ ਰਮਜ਼ਾਂ ਭਰੀਆਂ ਕਵਿਤਾਵਾਂ ਅਤੇ ਕਿੱਸਾਕਾਰਾਂ ਦੀਆਂ ਪ੍ਰੀਤ-ਕਹਾਣੀਆਂ ਅਤੇ ਵਾਰ-ਸਾਹਿਤ ਪੰਜਾਬੀ ਬੋਲੀ ਨੂੰ ਹੋਰ ਅਗੇਰੇ ਵਿਕਾਸ ਵੱਲ ਤੋਰਦੇ ਹਨ। ਆਧੁਨਿਕ ਕਾਲ ਵਿਚ ਡਾ: ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਪ੍ਰੋ: ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਅਤੇ ਸ਼ਿਵ ਕੁਮਾਰ ਬਟਾਲਵੀ ਆਦਿ ਦੀਆਂ ਉੱਚ-ਪੱਧਰ ਦੀਆਂ ਰਚਨਾਵਾਂ ਨਾਲ ਪੰਜਾਬੀ ਬੋਲੀ ਦਾ ਰੰਗ ਰੂਪ ਹੋਰ ਨਿੱਖਰ ਕੇ ਸਾਹਮਣੇ ਆਇਆ ਹੈ।

out of life-out of its joys and sorrows- its agonies and ecstasies and we always feel at home with it. Bach and every language is of great importance of the nation/community it belong to. Punjabi is the language of Punjab and it has deeprooted relationship with the culture and people of Panjab. It is one of the ancient languages of india and it was in vogue even during the days of Alexandr's invasion of India. It is the symbol of our pristine culture, a store-house of our folk lore, our history, myths and mixims. In 1669, Hafiz Barkhurdar, a well known poet of the century, used the world 'Panjabi' for the language of Panjab in his Jangnama :

'ਹਜ਼ਰਤ ਮ ਮਨ ਦਾ ਫ਼ਰਮਾਇਆ, ਇਸ ਵਿਚ ਇਹ ਮਸਾਇਲ।
ਤੁਰਤ ਪੰਜਾਬੀ ਆਖ ਸੁਣਾਈ ਜੋ ਕ ਹ ਵੇ ਮਾਇਲ।

The soft and refreshing words of Naths and Jogis, the sweet hymns of Baba Farid, the divine preachings of the Sikh Guru, the mystical poetry of the Sufis and the folk lores helped Panjabi a lot in making tremendous advancement. In the literary works of bhai Vir Singh, Prof. Puran Singh, Dhani Ram Chatrik, Prof. Mohan Singh, Amrita Pritam and Shiv Kumar Batalvi, it has been proved that Panjabi language is capable and suitable for conveying all shades of meanings, all tones and accents, both in poetry and prose.


CHARACTERISTICS

Panjabi is one of the best languages and it stands at No. 5 among the languages spoken by the maximum number of people the world over. We always feel at home with it. It causes no strain on the mind and gives us a sense of relief in utterance. It has many dialects of its own. It consititutes rich vocabulary, style of expression and maxims. Panjabi literature symbolises equality, devotion and love for humanity. Modern Panjabi literature occupies a special place of honour as compared to the other Indian and Western literary creations. Panjabi is a sweet language with a smooth flow and rhythm.

THE NECESSITY TO TEACH/LEARN PANJABI

For the Panjabis the knowledge of Panjabi language has a special importrance. We can retain and safeguard our religion, culture and our very identity through Panjabi only, while living in various parts of the world.

So far as Sikh religion is concerned, all literature and philosophy of sikhism is in Gurmukhi. The sacred hymns of our Gurus and saints enshrined in Guru Granth Sahib are in Gurmukhi. So the families that have settled abroad must be aware and conscious of the fact that it is necessary for their predecessors to learn Panjabi. Young men and women are the future of a nation. Young boys and girls in Western countries are surrounded by such social atmosphere which makes it rather difficult for the sikh thought and ideals to spread out its wings. The social/religious organisations can play a constructive role in this regard only if the parents also take keen interest in enlightening their offsprings about the mother tongue and the religion.



ਵਿਸ਼ੇਸ਼ਤਾ

ਪੰਜਾਬੀ ਇਕ ਸ਼੍ਰੋਮਣੀ ਭਾਸ਼ਾ ਹੈ, ਸੰਸਾਰ ਵਿਚ ਸਭ ਤੋ ਵਧ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿਚ ਪੰਜਵੇਂ ਨੰਬਰ ਤੇ ਹੈ। (ਹਰ ਬਾਰਵਾਂ ਵਿਅਕਤੀ ਪੰਜਾਬੀ ਬੋਲਦਾ ਹੈ ਸੰਸਾਰ ਵਿਚ) ਜੋ ਕਿ ਸਰਲ ਤੇ ਸਪਸ਼ਟ ਲੋਕ-ਬੋਲੀ ਹੈ ਜਿਸਦੀਆਂ ਕਈ-ਉਪ ਭਾਸ਼ਾਵਾਂ ਹਨ। ਇਸਦਾ ਅਮੀਰ ਸ਼ਬਦ ਭੰਡਾਰ ਹੈ, ਆਪਣਾ ਮੁਹਾਵਰਾ ਅਤੇ ਅਖਾਣ ਕੋਸ਼ ਹੈ। ਪੰਜਾਬੀ ਸਾਹਿਤ ਸਰਬ ਸਾਂਝੀਵਾਲਤਾ ਅਤੇ ਮਨੁੱਖੀ ਪਿਆਰ ਦਾ ਪ੍ਰਤੀਕ ਹੈ। ਆਧੁਨਿਕ ਪੰਜਾਬੀ ਸਾਹਿਤ, ਹੋਰ ਭਾਰਤੀ ਤੇ ਪੱਛਮੀ ਸਾਹਿਤ ਦੇ ਮੁਕਾਬਲੇ ਤੇ ਇਕ ਵਿਸ਼ੇਸ਼ ਸਥਾਨ ਰੱਖਦਾ ਹੈ। ਪੰਜਾਬੀ ਮਿਠਾਸ ਭਰਪੂਰ ਬੋਲੀ ਹੈ, ਜਿਸਦੀ ਆਪਣੀ ਲੈਅ ਹੈ, ਵਹਾਅ ਹੈ, ਰੋਅ ਹੈ।

ਪੰਜਾਬੀ ਪੜ੍ਹਨ ਦੀ ਲੋੜ

ਧਾਰਮਿਕ ਪੱਖੋਂ ਸਭ ਪੰਜਾਬੀਆਂ ਲਈ ਪੰਜਾਬੀ ਭਾਸ਼ਾ, ਦਾ ਗਿਆਨ ਖਾਸ ਮਹੱਤਤਾ ਰੱਦਖਾ ਹੈ। ਦੁਨੀਆਂ ਦੇ ਕਿਸੇ ਕੋਨੇ ਵਿੱਚ ਵੀ ਰਹਿੰਦਿਆਂ ਹੋਇਆਂ ਅਸੀਂ ਆਪਣੇ ਧਰਮ, ਆਪਣੇ ਸਭਿਆਚਾਰ ਅਤੇ ਇਥੋਂ ਤੱਕ ਕਿ ਆਪਣੇ ਵਿਅਕਤੀਤਵ (ਅਦਜਲਗਜਦਦਚ,ਜਦਵਖ) ਨੂੰ ਪੰਜਾਬੀ ਬੋਲੀ ਦੇ ਰਾਹੀਂ ਹੀ ਜਿਉਂਦਿਆਂ ਰੱਖ ਸਕਦੇ ਹਾਂ।

ਜਿੱਥੋਂ ਤੱਕ ਸਿੱਖ ਧਰਮ ਦਾ ਸੰਬੰਧ ਹੈ, ਇਸ ਦਾ ਸਾਰਾ ਧਾਰਮਿਕ ਸਾਹਿਤ ਅਤੇ ਫਿਲਾਸਫੀ ਗੁਰਮੁਖੀ ਲਿੱਪੀ ਵਿੱਚ ਅੰਕਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਕੀਤੀ ਹੋਈ ਗੁਰੂ ਸਾਹਿਬਾਨ ਅਤੇ ਭਗਤਾਂ ਦੀ ਬਾਣੀ ਗੁਰਮੁਖੀ ਵਿਚ ਹੀ ਹੈ। ਸੋ ਵਿਦੇਸ਼ਾਂ ਵਿੱਚ ਰਹਿੰਦੇ ਸਾਡੇ ਭੈਣਾਂ ਭਰਾਵਾਂ ਨੂੰ ਇਸ ਪੱਖੋਂ ਜਾਗਰੂਕ ਹੋਣ ਦੀ ਲੋੜ ਹੈ, ਕਿਉਂਨ੍ਹਾਂ ਦੇ ਬੱਚਿਆਂ ਲਈ ਪੰਜਾਬੀ ਪੜ੍ਹਨੀ ਅਤਿ ਜ਼ਰੂਰੀ ਲੋੜ ਹੈ। ਬੱਚੇ ਅਤੇ ਨੌਜਵਾਨ ਹੀ ਹਰ ਇਕ ਕੌਮ ਦਾ ਭਵਿੱਖ ਹੁੰਦੇ ਹਨ। ਵਿਦੇਸ਼ਾਂ ਵਿੱਚ ਪਲ ਰਹੇ ਸਾਡੇ ਬੱਚੇ ਅਜਿਹੇ ਵਾਤਾਵਰਨ ਵਿਚ ਘਿਰੇ ਹੋਏ ਹਨ, ਜਿਸ ਵਿਚ ਸਿੱਖੀ ਵਿਚਾਰਧਾਰਾ ਦਾ ਫੈਲਣਾ ਮੁਸ਼ਕਲ ਜਿਹਾ ਪ੍ਰਤੀਤ ਹੋ ਰਿਹਾ ਹੈ। ਮਾਂ-ਬਾਪ ਕੋਲ ਇਤਨਾ ਵਕਤ ਨਹੀਂ ਕਿ ਉਹ ਆਪਣੇ ਧਰਮ ਬਾਰੇ ਜਾਣਕਾਰੀ ਬੱਚਿਆਂ ਨੂੰ ਦੇ ਸਕਣ ਦੇ ਸਮਰਥ ਹੋ ਸਕਣ ਅਤੇ ਨਾ ਹੀ ਵਿਦਿਅਕ ਸੰਸਥਾਵਾਂ ਰਾਹੀਂ ਸਿੱਖੀ ਖਿਆਲਾਤ ਬੱਚਿਆਂ ਤੱਕ ਪਹੁੰਚ ਰਹੇ ਹਨ।

ਮੌਜੂਦਾ ਸਮੇਂ ਵਿੱਚ ਘਰੇਲੂ ਵਾਤਾਵਰਣ ਵੀ ਅਜਿਹੇ ਬਣ ਗਏ ਹਨ, ਕਿ ਮਾਂ-ਬਾਪ ਤੋਂ ਵੀ ਇਹ ਉਮੀਦ ਨਹੀਂ ਰੱਖੀ ਜਾ ਸਕਦੀ ਕਿ ਉਹ ਆਪਣੇ ਬੱਚਿਆਂ ਨੂੰ ਗੁਰਬਾਣੀ, ਗੁਰਮਤਿ ਵਿਚਾਰਧਾਰਾ ਅਤੇ ਸਿੱਖ ਇਤਿਹਾਸ ਦੀ ਜਾਣਕਾਰੀ ਦੇਣਗੇ। ਅਸੀਂ ਬਹੁਤ ਅਮੀਰ ਵਿਰਸੇ ਦੇ ਮਾਲਕ ਹਾਂ। ਉਸ ਵਿਰਸੇ ਦੀ ਸਹੀ ਸੰਭਾਲ ਸਾਡੀ ਮੌਜੂਦਾ ਪੀੜ੍ਹੀ ਤਾਂ ਹੀ ਕਰ ਸਕੇਗੀ, ਜੇ ਉਨਾਂ ਨੂੰ ਆਪਣੇ ਗੁਰੂ ਸਾਹਿਬਾਨਾਂ ਦੇ ਜੀਵਨ ਅਤੇ ਮਨੁੱਖਤਾ ਲਈ ਸੰਦੇਸ਼, ਆਪਣੇ ਬਜ਼ੁਰਗ ਸ਼ਹੀਦਾਂ ਦੇ ਅਦਭੁਤ ਕਾਰਨਾਮੇ, ਗੁਰਬਾਣੀ ਦੇ ਰੂਪ ਵਿਚ ਸਮੁੱਚੀ ਮਨੁੱਖ ਜਾਤੀ ਨੂੰ ਦਿਤੇ ਮਹਾਨ ਤੇ ਅਦੁੱਤੀ ਅਸੂਲਾਂ ਦੀ ਪੂਰੀ ਤੇ ਡੂੰਘੀ ਜਾਣਕਾਰੀ ਹੋਵੇਗੀ। ਇਹ ਗਿਆਨ-ਪ੍ਰਾਪਤੀ ਪੰਜਾਬੀ ਭਾਸ਼ਾ ਦੀ ਪੜ੍ਹਾਈ ਦੁਆਰਾ ਹੀ ਪ੍ਰਾਪਤ ਹੋ ਸਕਦੀ ਹੈ। ਜੇ ਇਸ ਮਾਮਲੇ ਵਿਚ ਅਸੀਂ ਅਣਗਹਿਲੀ ਵਰਤਾਂਗੇ ਜਾਂ ਕੋਈ ਠੋਸ ਕਦਮ ਨਹੀਂ ਚੁੱਕਾਂਗੇ . , ਤਾਂ ਅਸੀਂ ਆਪਣੀ ਹੋਂਦ ਨੂੰ ਵੀ ਗੁਆ ਬੈਠਾਂਗੇ।

ਸਭਿਆਚਾਰਕ ਪੱਖੋਂ

ਸਭਿਆਚਾਰਕ ਪੱਖੋਂ ਵੀ ਸਾਡਾ ਵਿਰਸਾ ਬਹੁਤ ਅਮੀਰ ਤੇ ਵਿਲੱਖਣ ਹੈ ਅਤੇ ਭਾਸ਼ਾ ਹੀ ਹਰ ਇਕ ਕੌਮ ਦੇ ਸਭਿਆਚਾਰਕ ਵਿਰਸੇ ਦੀ ਪ੍ਰਤੀਕ ਹੁੰਦੀ ਹੈ। ਭਾਸ਼ਾ ਰਾਹੀਂ ਹੀ ਇਸ ਵਿਰਸੇ ਨੂੰ ਹੋਰ ਅਮੀਰ ਬਣਾਇਆ ਜਾ ਸਕਦਾ ਹੈ ਅਤੇ ਭਾਸ਼ਾ ਰਾਹੀਂ ਹੀ ਹਜ਼ਾਰਾਂ ਵਰ੍ਹੇ ਪੁਰਾਣੀ ਸਭਿਆਚਾਰਕ ਪੂੰਜੀ ਨਵੀਂ ਉਸਰ ਰਹੀ ਪੀੜ੍ਹੀ ਨੂੰ ਸੌਂਪੀ ਜਾਂਦੀ ਹੈ। ਇਸ ਪੱਖੋਂ ਵੀ ਸਾਡੀ ਕੌਮ ਨੂੰ ਭਾਸ਼ਾ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ, ਕਿਉਂਕਿ ਇਸ ਤੋਂ ਬਿਨਾਂ ਸਾਡੀਆਂ ਅਗਲੀਆਂ ਪੀੜ੍ਹੀਆਂ ਆਪਣੇ ਸਭਿਆਚਾਰ ਤੋ ਪੂਰੀ ਤਰ੍ਹਾਂ ਵਾਂਝਿਆਂ ਹੋ ਜਾਣਗੀਆਂ। ਕਿਸੇ ਕੌਮ ਦੀ ਭਾਸ਼ਾ ਅਤੇ ਸਾਹਿਤ ਹੀ ਸਹੀ ਅਰਥਾਂ ਵਿੱਚ ਉਸ ਕੌਮ ਦਾ ਸਭਿਆਚਾਰ ਹੈ, ਉਸਦੀ ਸ਼ਕਤੀ ਹੈ, ਉਸਦਾ ਪ੍ਰੇਰਨਾ-ਸ੍ਰੋਤ ਹੈ ਅਤੇ ਭਾਸ਼ਾ ਹੀ ਕੌਮ ਦੀਆਂ ਸਮਾਜਿਕ ਤੇ ਨੈਤਿਕ ਕਦਰਾਂ ਕੀਮਤਾਂ ਦੀ ਪ੍ਰਤੀਕ ਹੈ। ਭਾਸ਼ਾ ਦੀ ਮਜ਼ਬੂਤੀ ਹੀ ਕਿਸੇ ਕੌਮ ਦੀ ਤਾਕਤ ਦੀ ਸੂਚਕ ਹੁੰਦੀ ਹੈ। ਭਾਸ਼ਾ ਰਾਹੀਂ ਹੀ ਅਸੀਂ ਇਕ ਦੂਜੇ ਦੇ ਦੁੱਖਾਂ-ਸੁਖਾਂ, ਖੁਸ਼ੀਆਂ ਗ਼ਮੀਆਂ ਦੇ ਭਾਈਵਾਲ ਬਣਦੇ ਹਾਂ।

ਸੋ ਆਪਣੇ ਸਭਿਆਚਾਰ ਨੂੰ ਜੀਵਤ ਰੱਖਣ ਲਈ ਲੋੜ ਹੈ, ਕਿ ਅਸੀਂ ਆਪਣੇ ਬੱਚਿਆਂ ਨੂੰ ਪੰਜਾਬੀ ਜ਼ਰੂਰ ਪੜਾਈਏ।

In the present times, the atmosphere in most of our homes in such that it makes us pessimistic regarding parents giving proper guidance and education to the children about Gurubani, Sikh philosophy and Sikh history. We have inded a very rich heritage and our youth will become capable of safeguarding the valuable heritage only if they have a thorough knowledge and deep understanding of the lifehistories and mission of our Gurus, the sacrifices of our ancestors and the golden rules for a truthful living for mankind. All this knowledge can be acquired only through the study of Panjabi language. If we ignore this hard fact/ reality or hesitate to take some solid measures, we shall lose our very existence in the times to come.

CULTURAL ASPECT

As regards Panjabi culture, we have very rich heritage of traditions, customs, rituals and rites and language is the symbol of the cultural heritage of a nation. Language plays a vital role in further enriching this treasure and it is through language alone that this age-long treasure (rich cultural heritage) is passed on to the future generations. This aspect (of life) should be taken a serious note of, because without proper knowledge of Panjabi our modern generation will be completely cut off from panjabiat/Panjabi-Culture. The language and literature of a nation, in fact, provides strength and inspiration and symbolises the moral and social values. We share the joys and sorrows of our fellow beings through language only.

ਵਿਅਕਤੀਤਵ / ਹੋਂਦ ਪੱਖੋਂ

ਪੰਜਾਬ ਸਰਹੱਦੀ ਇਲਾਕਾ ਹੋਣ ਦੇ ਨਾਤੇ ਮੁੱਢ-ਕਦੀਮ ਤੋਂ ਹੀ ਬਾਹਰਲੀਆਂ ਤਾਕਤਾਂ ਅਤੇ ਹਮਲਾਵਰਾਂ ਦੇ ਹਮਲਿਆਂ ਦਾ ਸ਼ਿਕਾਰ ਰਿਹਾ ਹੈ। ਆਰੀਅਨ, ਯੂਨਾਨੀ, ਮੰਗੋਲ, ਹੂਨ, ਪਠਾਣ ਅਤੇ ਮੁਗਲ ਵਾਰੀ ਵਾਰੀ ਪੰਜਾਬ ਦੇ ਰਸਤੇ ਹੀ ਭਾਰਤ ਨੂੰ ਆ ਕੇ ਲੁੱਟਦੇ ਰਹੇ ਅਤੇ ਤਬਾਹੀ ਮਚਾਉਂਦੇ ਰਹੇ, ਪਰ ਸਭ ਤੋਂ ਪਹਿਲਾਂ ਪੰਜਾਬੀਆਂ ਨੂੰ ਹੀ ਇਨ੍ਹਾਂ ਹਮਲਾਵਰਾਂ ਨਾਲ ਟੱਕਰ ਲੈਣੀ ਪੈਂਦੀ ਰਹੀ। ਪੰਜਾਬ ਵਿਚ ਕਦੇ ਵੀ ਲੰਮੇ ਸਮੇਂ ਲਈ ਸ਼ਾਂਤੀ ਨਾ ਹੋਣੀ ਅਤੇ ਇਨ੍ਹਾਂ ਹਮਲਿਆਂ ਨੇ ਪੰਜਾਬੀਆਂ ਨੂੰ ਸੂਰਬੀਰ, ਬਹਾਦਰ, ਅਣਖੀਲੇ, ਫੁਰਤੀਲੇ ਅਠਤੇ ਨਿਡਰ ਬਣਾ ਦਿੱਤਾ। ਲਗਾਤਾਰ ਹਮਲਿਆਂ ਕਾਰਨ ਚੰਗਾ ਚੋਖਾ ਖਾਣਾ ਪਹਿਨਣਾ ਅਰਥਾਤ "ਖਾਧਾ ਪੀਤਾ ਲਾਹੇ ਦਾ, ਰਹਿੰਦਾ ਅਹਿਮਦ ਸ਼ਾਹੇ ਦਾ" ਵਿਚਾਰ ਦੇ ਧਾਰਨੀ ਬਣ ਗਏ ਪਰੰਤੂ ਪੰਜਾਬੀਆਂ ਨੇ ਕਦੇ ਵੀ ਦਿਲ ਨਹੀਂ ਛੱਡਿਆ, ਕਦੇ ਵੀ ਨਿਰਾਸ਼ਾਵਾਦੀ ਨਹੀਂ ਬਣੇ। ਪ੍ਰੋ: ਪੂਰਨ ਸਿੰਘ ਪੰਜਾਬੀਆਂ ਦੇ ਸੁਭਾ ਬਾਰੇ ਇਉਂ ਲਿਖਦੇ ਹਨ:

ਇਹ ਬੇਪ੍ਰਵਾਹ ਪੰਜਾਬ ਦੇ ਮੌਤ ਨੂੰ ਮਖੌਲਾਂ ਕਰਨ,
ਮਰਨ ਥੀਂ ਨਾ ਡਰਦੇ।
ਪਿਆਰ ਨਾਲ ਇਹ ਕਰਨ ਗੁਲਾਮੀ,
ਜਾਨ ਕੋਹ ਆਪਣੀ ਵਾਰ ਦਿੰਦੇ,
ਪਰ ਟੈਂ ਨ ਮੰਨਣ ਕਿਸੇ ਦੀ,
ਖਲੇ ਜਾਣ ਡਾਂਗਾਂ ਮੋਢੇ ਤੇ ਉਲਾਰ ਕੇ।

ਪੰਜਾਬੀਆਂ ਨੇ ਘੋਰ ਮੁਸੀਬਤ ਦੇ ਸਮੇਂ ਵੀ ਹਿੰਮਤ, ਸਾਹਸ ਅਤੇ ਹੌਸਲੇ ਤੋਂ ਕੰਮ ਲਿਆ ਹੈ। ਇਹ ਪੰਜਾਬੀਆਂ ਦੇ ਹੌਸਲੇ, ਮਿਹਨਤ ਅਤੇ ਆਸ਼ਾਵਾਦੀ ਸੋਚ ਦਾ ਹੀ ਨਤੀਜਾ ਹੈ, ਕਿ ਪੰਜਾਬ ਭਾਰਤ ਵਿੱਚ ਸਭ ਤੋ ਵੱਧ ਖੁਸ਼ਹਾਲ ਸੂਬਾ ਹੈ। ਹਰ ਇਕ ਮੁਸ਼ਕਲ ਤੋਂ ਪਿਛੋਂ ਪੰਜਾਬੀ ਫਿਰ ਆਪਣੇ ਪੈਰਾਂ ਤੇ ਖੜੇ ਹੋਏ ਹਨ ਅਤੇ ਆਪਣੀ ਅਣਖ ਨੂੰ ਕਾਇਮ ਰੱਖਿਆ।

ਸੋ ਪੰਜਾਬੀ ਸੁਭਾ ਦੀਆਂ ਇਹ ਵਿਸ਼ੇਸ਼ਤਾਵਾਂ ਪੰਜਾਬੀ ਬੋਲੀ ਅਤੇ ਪੰਜਾਬੀ ਸਾਹਿਤ ਰਾਹੀਂ ਹੀ ਆਪਣੇ ਬੱਚਿਆਂ ਅਰਥਾਤ ਭਵਿੱਖ ਦੇ ਉਸਰੱਈਆਂ ਤਕ ਪੁਚਾਈਆਂ ਜਾ ਸਕਦੀਆਂ ਹਨ। ਜੇ ਅਸੀਂ ਇਕ ਪੰਜਾਬੀ ਦੇ ਤੌਰ ਤੇ ਆਪਣੀ ਵਿਲੱਖਣ ਹੋਂਦ ਨੂੰ ਕਾਇਮ ਰੱਖਣਾ ਚਾਹੁੰਦੇ ਹਾਂ, ਤਾਂ ਸਾਡੇ ਲਈ ਜ਼ਰੂਰੀ ਹੈ, ਕਿ ਅਸੀਂ ਆਪਣੀ ਮਾਂ-ਬੋਲੀ ਪੰਜਾਬੀ ਵੱਲ ਵਿਸ਼ੇਸ਼ ਧਿਆਨ ਦੇਈਏ। ਸੋ ਦੇਸਾਂ ਵਿਦੇਸ਼ਾਂ ਵਿਚ ਰਹਿੰਦੇ ਵੀਰਾਂ ਅਤੇ ਭੈਣਾਂ ਨੂੰ ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਲਈ ਉਚੇਚੇ ਯਤਨ ਕਰਨੇ ਚਾਹੀਦੇ ਹਨ, ਕਿਉਂਕਿ ਸਾਡੇ ਬੱਚੇ ਹੀ ਸਾਡਾ ਤੇ ਸਾਡੀ ਕੌਮ ਦਾ ਅਸਲੀ ਸਰਮਾਇਆ ਹਨ। ਇਸ ਸਰਮਾਏ ਨੂੰ ਸੰਭਾਲਣ ਦੀ ਕੋਸ਼ਿਸ਼ ਕਰੀਏ, ਨਹੀਂ ਤਾਂ ਸਾਡੀ ਸਮੁੱਚੀ ਹੋਂਦ ਹੀ ਖਤਰੇ ਵਿੱਚ ਪੈ ਜਾਵੇਗੀ।

ਵਿਦੇਸਾਂ ਵਿਚ ਵਸਦੇ ਪੰਜਾਬੀਆਂ ਲਈ ਸੰਦੇਸ਼

੧. ਭਾਰਤ ਤੋਂ ਬਾਹਰ ਵਸਦੇ ਪੰਜਾਬੀਆਂ ਨੂੰ ਉਨ੍ਹਾਂ ਸੰਸਥਾਵਾਂ ਅਤੇ ਸੁਸਾਇਟੀਆਂ ਦੀ ਭਰਪੂਰ ਮੱਦਦ ਕਰਨੀ ਚਾਹੀਦੀ ਹੈ, ਜੋ ਪੰਜਾਬੀ ਭਾਸ਼ਾ ਨੂੰ ਉਥੋਂ ਦੇ ਸਕੂਲਾਂ ਵਿਚ ਲਾਗੂ ਕਰਵਾਉਣ ਲਈ ਯਤਨਸ਼ੀਲ ਹਨ। ਮੈਨੂੰ ਪਤਾ ਲੱਗਿਆ ਹੈ, ਕਿ ਕਈ ਸਕੂਲਾਂ ਵਿਚ ਪੰਜਾਬੀ ਘੱਟ-ਗਿਣਤੀ ਪ੍ਰਵਾਸੀਆਂ ਦੀ ਬੋਲੀ ਦੇ ਤੌਰ ਤੇ ਲਾਗੂ ਵੀ ਹੋ ਚੁੱਕੀ ਹੈ। ਪਰ ਅਫ਼ਸੋਸ ਹੈ ਕਿ ਲੰਡਨ ਦੀ ਕੌਂਸਲ ਪੰਜਾਬੀ ਭਾਸ਼ਾ ਨੂੰ ਸਕੂਲਾਂ ਵਿਚੋਂ ਹਟਾਉਣ ਦੀ ਯੋਜਨਾ ਬਣਾ ਰਹੀ ਹੈ, ਕਿ ਪੰਜਾਬੀ ਪੜ੍ਹਨ ਵਾਲੇ ਬੱਚਿਆਂ ਦੀ ਗਿਣਤੀ ਬਹੁਤ ਘੱਟ ਹੈ। ਇਸ ਤੋ ਸਪਸ਼ਟ ਹੁੰਦਾ ਹੈ, ਕਿ ਮਾਂ-ਬਾਪ ਹੀ ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਵਿਚ ਦਿਲਚਸਪੀ ਨਹੀਂ ਲੈ ਰਹੇ, ਅਤੇ ਅਸੀਂ ਉਮੀਦ ਰੱਖਦੇ ਹਾਂ, ਕਿ ਤੁਸੀਂ ਸਕੂਲਾਂ ਵਿਚੋਂ ਪੰਜਾਬੀ ਹਟਣ ਨਹੀਂ ਦਿਓਗੇ।

੨. ਮਾਪਿਆਂ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੀ ਸਹਾਇਤਾ ਲਈ ਖਲੋਣਾ ਚਾਹੀਦਾ ਹੈ, ਜੋ ਗੁਰਦੁਆਰਿਆਂ ਵਿਚ ਪੰਜਾਬੀ ਦੀਆਂ ਕਲਾਸਾਂ ਚਲਾ ਰਹੇ ਹਨ। ਮਾਂ-ਬੋਲੀ ਦਾ ਗਿਆਨ ਬੱਚਿਆਂ ਦੇ ਅੰਦਰ ਸ੍ਵੈਮਾਨ ਅਤੇ ਸ੍ਵੈ ਸਤਿਕਾਰ ਦੀ ਭਾਵਨਾ ਭਰਦਾ ਹੈ ਅਤੇ ਉਨ੍ਹਾਂ ਨੂੰ ਉੱਚ-ਪੱਧਰ ਦੇ ਨਾਗਰਿਕ ਬਣਨ ਵਿਚ ਵੀ ਸਹਾਈ ਹੋਵੇਗਾ।

੩. ਹਰ ਇਕ ਪ੍ਰਵਾਰ ਨੂੰ ਇਕ ਨਿਯਮ ਬਣਾ ਲੈਣਾ ਚਾਹੀਦਾ ਹੈ, ਕਿ ਉਹ ਹਰ ਰੋਜ਼, ਭਾਵੇਂ ਪੰਦਰਾਂ ਮਿੰਟ ਲਈ ਹੀ, ਰਲਕੇ ਇਕੱਠੇ ਬੈਠਣ ਅਤੇ ਸਾਰੀ ਆਪਸੀ ਗੱਲਬਾਤ ਨਿਰੋਲ ਪੰਜਾਬੀ ਵਿਚ ਹੀ ਹੋਵੇ। ਉਮੀਦ ਹੈ ਕਿ ਅਸੀਂ ਇਤਨਾ ਕੁ ਵਕਤ ਬੱਚਿਆਂ ਨੂੰ ਜ਼ਰੂਰ ਦੇ ਸਕਦੇ ਹਾਂ, ਜੋ ਕਿ ਸਾਡੀ ਕੌਮ ਦਾ ਅਸਲੀ ਖਜ਼ਾਨਾ ਹਨ।

Even today, we can have a very clear and fine glimpse of word-picture of 16th century Panjab through the poetic creation of Waris Shah. There is no shade of Panjabi culture or mode of living which he has not touched. He has given in detail a description of Panjabi landscape, Panjabi rural life, Panjabi dress fashions, food habits, and referred to Panjabi folk songs and folk lore, fairs and festivals. We may rightly call Waris Shah our Shakespeare so far as the wealth of Panjabi vocabulary, idioms and quotations are concerned; and our Chaucer in reviving Panjabi language and for painting in vivid detail the life of Panjab of his times. We, the Panjabis will always remember Waris who is the symbol and embodiment of 'Panjabiat' and who played a tremendous role in popularising Panjabi language through his interesting writings.

Now, we can enter the store-house containing such valuable treasures through Panjabi only. Therefore, in order to keep our culture alive and full of time, it is our moral duty to teach Panjabi to our children.

PROFILE

By S Piara Singh Kondel (Canada)

When F D Roosevelt died in 1945, Harry S Truman became the 33rd President of USA. He invited his friend Dean G Acheson to his office and offerd him the most coveted job of 'The Secretary of State.' Acheson hesitated and told the President that, ' there are people, who are more suitable for this job than I am.' 'That may be so' replied the President,' but I don't know those people.' Acheson accepted the job graciously and proved to be one of the most successful Secretary of State in US history.

The analogy implied here is that, to develop a confident attitude, it is important to know people on a personal level. There are great many people with prominent and influential status within Ramgarhia/Vishwkarma community, who can be an inspiration to the young and a source of pride to the elders. They deserve our admiration, but these people are hardly known outside their own circle. There is general awareness of this fact within our community. Our media and some individuals have been trying their best to address this problem for some time. So far they have been able to touch only the tip of the iceberg. Never the less, I am optimistic about the future, because it is a period of renaissance of our community.

I think that, starting in a small way, it will be a step in the right direction to introduce prominent personalities of our community resident in North America. First such person whom I would like to introduce, is Dr Jaswant Singh Mudhar, who has been permanently settled in Canada since 1965. Very briefly, I will mention his qualifications, his achievements and aspirations. I will also try to have a glimpse at his life.

EDUCATION AND QUALIFICATIONS

- FTC Machine Shop Technology, Leeds UK
- CIM McGill University, Montreal Canada
- MSc Eng. Science,Wachita State University, Kansas USA
- DSc Eng. Science, Kings College, London UK

HONOURS & SCHOLARSHIPS

- Research Fellowship, Design Council, London UK
- MAN OF THE YEAR' Fluid Power Society, Ohio USA
- DUCKHAM' Bronze Medal. Inst of Plant Engineers,USA
- 1st Prize, Eng.Design, Hydraulic & pneumatic Journal USA
- 'AWARD OF MERIT' Gov't of New Brunswick Canada
- 'ORDER of ONTARIO' 1992 (Nominated)

PROFESSIONAL AFFILIATIONS

- Inst. of Nuclear Science UK • 'ORDER of ENGINEERS'-Canada • Institute of Environmental Sciences USA
- American Society of Mechanical Engineers USA

CONTRIBUTIONS TO CANADA

1 Aircraft landing gear
2 Surgical Equipment's
3 Hydrostatic hip joints
4 Nightvision eyeglasses
5 Mechanical finger joints
6 Night Driving Eyeglasses
7 Equipment for Brain surgery
8 Blood vessel suturing devices
9 Ultrasonic eyeglasses for the blind
10 Fully automatic diaper making machine
11 HRS for helicopters landing on ships at high sea
12 Shockproof voice recorders for supersonic fighter jets
Published 21 technical papers & authored several technical documents

VOLUNTARY WORK

- Sikh Professional Association of Canada
- Canadian Standards Association • Sikh Society of Canada



Dr Jaswant Singh Mudhar DSc

In addition to this, for his own relaxation, Dr Mudhar does oil paintings, water colours and cartoons, which have appeared in several publications. He also writes poetry in Punjabi. Born at Jamsher Khaas, District Jallandhar, Punjab, India in 1936. He was very young, when he accompanied his parents to Nairobi, Kenya and then moved on to Kampala, Uganda, where his father S Karam Singh Mudhar joined Geological Survey of Uganda and was in charge of Engineering Department. Young 'Jas' as he likes to be known, had just completed his secondary education in Kampala, when his mother Sardarni Gurcharan Kaur died. Due to this sudden change in family circumstances, he could not continue his studies. For a year or so, Jas worked with his father, where he learnt the basic machining and metal working. He simply hated to work on lathes, milling machines and etc, because he really wanted to be an artist and a photographer. But Jas always had a strong desire for further studies and thought of leaving Uganda and go to either India or England.

Crucial to his future was his determination to pursue his chartered course of action. It was an uphill struggle, but eventually his indomitable spirit triumphed. Early in 1959, he left Uganda for England. In Leeds, with the full support of his wife Sardarni Nirmal Kaur, he studied at the Leeds University for six years, before moving on to Canada.

'A winner never quits and quitter never wins' has always been Dr Madhar's motto. He prefers to be alone, because he maintains that, only individuals and not crowds, can achieve anything meaningful in life. Here in Canada, Dr Mudhar has developed technical skills, which have given rise to an increasing measure of control over environment. He owns SAHIB EYEWEAR Inc and is President of VISIONAID Engineering & Research. Apart from keeping close links with his professional peers, his social contacts also include Joe Clark and Brain Mulroney two ex-prime Ministers of Canada, federal ministers, some provincial Premiers and other dignitaries. Meeting Dr Mudhar is quite an experience. You feel that you are in the company of a great man. His greatness lies in his modesty and warmheartedness. With his disarming manners and charming personality, he puts you at ease and makes you feel at home.

Dr Mudhar is a practicing Sikh and describes himself as an 'Engineering Scientist.' When asked, how does he relate Science to Religion? Dr Mudhar's reply was simple and straightforward. He said that, these are two 'sister disciplines.' For through the study of Science, one learns more about CREATION, whereas, by virtue of the study of religion, one gains a greater insight into the CREATOR. There cannot be any great accomplishment without faith.

CONSULATE GENERAL OF INDIA

With enect from 1st January 1994 the Assistant High Commission of India, Birmingham will be redesignated "THE CONSULATE GENERAL OF INDIA". On 26th January 1994, the Consulate General will also move to new premises at: The Spencers, 19 Augusta Street, Jewellery Quarters, Hockley, Birmingham B18 6DS. Tel (021) 212 2782/3/4/5/6.

FOOD LABELING

Co-op has become the first British retailer to back the widespread demand for the labelling of foods which have been "genetically engineered." The company made its announcement at a time when the British Government and the food industry are still considering what action to take. The three point code of practice states:

- No food products containing human genetic material will be sold by the Co-op;
- Co-op Brand products will not contain vegetables or fruits which have been modified with genetic material from animal sources;
- All Co-op Brand products known to contain modified genetic material from non-related species will be labelled-particularly in cases where there are known to be religious or other ethical concerns.

One of the few foods currently available made using gene technology is vegetarian cheese. Cheese has been traditionally made using rennet from calves' stomachs but vegetarian cheese is made using a rennet derived from genetically modified organisms. Co-op vegetarian cheese will now carry the words "Produced using gene technology and so free from animal rennet."

GURU TEG BAHADUR FOUNDATION

Sri Guru Teg Bahadur Foundation was launched by Dr L M Singhvi, High Commissioner of India in a congregation held at his residence on December 12th 1993. The function attended by large number of Sikhs and other communities from different parts of the UK, was preceded by an Akhand Path from December 10th to 12th.

Addresssing the congregation, various speakers paid glowing tribute to the supreme sacrifice made by 9th Sikh Guru Teg Bahadur to oppose the forces of religious intolerance, bigotry and fundamentalism. They asserted that Guru Teg Bahadur who is known as "Hind-ki-Chadar" made the supreme sacrifice for the integration of the people of India irrespective of their religious persuasions and beliefs.

Subsequently, His Honor Judge Mota Singh Matharu moved a Resolution for approval of the Foundation by the congregation, which was seconded by Sardar Harbans Singh. The congregation unanimously approved the resolution and requested Dr L M Singhvi to formally launch Guru Teg Bahadur Foundation.

The High Commissioner in his speech was very thankful and enthusiastic about his long cherished dream come true. He said that the "sacrifice of Sri Guru Teg Bahadur was unparalleled in history and constituted a valued treasure not only of the Indian heritage but of the entire humanity". The launch of the Foundation raised UK Sterling £22,000 and the function concluded with langar.